ਅੰਮ੍ਰਿਤ ਭਿੱਜੇ ਬੋਲ



ਚਰਨ ਸਿੰਘ ਸਫ਼ਰੀ

Amrit Bhijje Bol
by Charan Singh Safri

ਏਸੇ ਕਲਮ ਤੋਂ :

- ਸਿੱਖੀ ਦੀਆਂ ਵਾਟਾਂ
- ਲਹੂ ਦੀਆਂ ਲਾਟਾਂ
- ਗੁਰੂ ਰਵਿਦਾਸ ਮਹਿਮਾ
- ਤਕਲੇ ਦੇ ਵਲ ਕੱਢ ਲੈ
- ਪੰਜਾ ਗੁਰਾਂ ਨੇ ਪਹਾੜ ਵਿਚ ਲਾਇਆ
- ਰੱਬ ਝੁਗੀਆਂ ਵਿਚ ਆਇਆ
- ਤੇਗ ਦੀ ਧਾਰ ਉੱਤੇ ਨੱਚ ਓ ਖ਼ਾਲਸਾ
- ਨੌਵੇਂ ਗੁਰੂ ਜਦ ਕਤਲਗਾਹ ਵਿਚ ਆਏ

Published by :
New Book Co., Mai Hiran Gate, Jalandhar-144008. Ph. 0181-2280045, 2284325
E-mail : newbookco@hotmail.com

ISBN 81-87476-20-6

ਪਹਿਲੀ ਵਾਰ : 1996, ਦੂਜੀ ਵਾਰ : 2003

ਮੁੱਲ : 75 ਰੁਪਏ

ਪ੍ਰਕਾਸ਼ਕ : ਮਹਿਤਾਬ ਸਿੰਘ, ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ-144008
ਫ਼ੋਨ : (S) 0181-2280045, 2284325 (R) 2234081

ਛਾਪਕ : ਸਹਿਗਲ ਪ੍ਰਿੰਟਰਜ਼, ਨੇੜੇ ਦੁਆਬਾ ਚੌਂਕ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।

ਤਤਕਰਾ

ਮੇਰੀ ਵੱਲੋਂ

ਸਾਹਿਤ ਪ੍ਰੇਮੀਓ ! ਮੈਂ ਲਗਭਗ ਸੱਠ ਕੁ ਸਾਲ ਤੋਂ ਪੰਜਾਬੀ ਮਾਂ-ਬੋਲੀ ਦੀ ਨਿਗੂਣੀ ਜਿਹੀ ਸੇਵਾ ਕਰਦਾ ਚਲਿਆ ਆ ਰਿਹਾ ਹਾਂ । ਮੇਰੀ ਜਨਮ ਭੂਮੀ ਪਿੰਡ ਬੋਦਲ (ਗਰਨਾ ਸਾਹਿਬ) ਜ਼ਿਲ੍ਹਾ ਹੁਸ਼ਿਆਰਪੁਰ ਹੈ ਅਤੇ ਅੱਜਕਲ੍ਹ ਮੈਂ ਕਸਬਾ ਦਸੂਹਾ. ਸ੍ਰੀ ਗੁਰੂ ਤੇਗ਼ ਬਹਾਦਰ ਕਾਲਜ ਦੇ ਐਨ ਨੇੜੇ ਇਕ ਸਾਧਾਰਨ ਜਿਹੇ ਮਕਾਨ ਵਿਚ ਆਪਣੇ ਪਰਿਵਾਰ ਸਮੇਤ ਵੱਸ਼ਦਾ ਹਾਂ ।

ਜਦੋਂ ਮੈਂ ਆਪਣੇ ਜੱਦੀ ਪਿੰਡ ਵਿਚ ਬੋਦਲਾਂ ਵਿਖੇ ਰਹਿੰਦਾ ਸਾਂ ਮੇਰੀ ਅਵਸਥਾ 7-8 ਸਾਲ ਦੀ ਸੀ । ਮੇਰੇ ਪਿਤਾ ਜੀ ਸ੍ਰ. ਲਾਭ ਸਿੰਘ ਮੈਨੂੰ ਪ੍ਰਾਚੀਨ ਸਮੇਂ ਦੀਆਂ ਕਹਾਣੀਆਂ ਸੁਣਾਇਆ ਕਰਦੇ ਸਨ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਤੇ ਮਾਤਾ ਗੁਜਰੀ ਜੀ ਦਾ ਨਾਂ ਉਹ ਬੜੇ ਆਦਰ ਨਾਲ ਲੈਂਦੇ ਸੀ ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੰਨ੍ਹੇ-ਨੰਨ੍ਹੇ ਲਾਲਾਂ ਦੇ ਦੀਵਾਰ ਵਿੱਚ ਚਿਣੇ ਜਾਣ ਦੀ ਕਹਾਣੀ ਸੁਣਾਉਂਦੇ ਤਾਂ ਮੇਰੀਆਂ ਅੱਖਾਂ ਵਿੱਚੋਂ ਆਪ ਮੁਹਾਰੇ ਅੱਥਰੂ ਵੱਗ ਤੁਰਦੇ ।

ਮੈਂ ਆਪਣੀ ਸਾਧਾਰਨ ਵਿੱਦਿਆ ਤੋਂ ਉਪਰੰਤ ਅੰਮ੍ਰਿਤਸਰ ਚਲੇ ਗਿਆ. ਉਥੇ ਸ੍ਰੀ ਦਰਬਾਰ ਸਾਹਿਬ ਵਿਖੇ ਨੌਕਰੀ ਕੀਤੀ. ਉਥੇ ਪੰਜਾਬੀ ਦੇ ਪ੍ਰਸਿੱਧ ਸਟੇਜੀ ਕਵੀ ਗਿਆਨੀ ਬਲਦੇਵ ਚੰਦਰ ਬੇਕਲ (ਅੰਮ੍ਰਿਤਸਰੀ) ਜੀ ਹੋਰਾਂ ਦੀ ਸਰਪ੍ਰਸਤੀ ਹਾਸਲ ਕੀਤੀ ਤਾਂ ਮੇਰੀਆਂ ਕਵਿਤਾਵਾਂ ਵਿਚ ਹੋਰ ਵੀ ਜਾਨ ਆ ਗਈ । ਅੱਜ ਤੱਕ ਮੈਂ ਸਿੱਖ ਇਤਿਹਾਸ. ਸਿੱਖ ਗੁਰੂ ਸਾਹਿਬਾਨ ਤੇ ਸਿੱਖ ਕੌਮ ਦੇ ਸ਼ਹੀਦਾਂ ਤੇ ਨੌਂ ਪੁਸਤਕਾਂ ਲਿਖ ਚੁੱਕਾਂ ਹਾਂ ।

ਧਾਰਮਿਕ ਗੀਤ ਲਿਖਣ ਦੀ ਤਕਨੀਕੀ ਮੁਹਾਰਤ ਮੈਂ ਆਪਣੇ ਮਾਨਯੋਗ ਉਸਤਾਦ ਬੇਕਲ ਜੀ ਹੋਰਾਂ ਤੋਂ ਦਾਤ ਪ੍ਰਾਪਤ ਕੀਤੀ । ਪੰਜਾਬੀ ਦੇ ਸਿਰਕੱਢ ਤੇ ਨਾਮਵਰ ਕਵੀਆਂ ਨਾਲ ਮੇਰਾ ਵਾਹ ਪੈਂਦਾ ਰਿਹਾ । ਮੇਰੇ ਲਿਖੇ ਧਾਰਮਿਕ

ਗੀਤ ਹਰ ਪੰਜਾਬੀ ਗਾਇਕ ਤੇ ਗਾਇਕਾ ਗਾਉਂਦੇ ਹਨ—ਨਰਿੰਦਰ ਬੀਬਾ, ਪ੍ਰੋਫੈਸਰ ਸਰੂਪ ਸਿੰਘ, ਊਸ਼ਾ ਰਾਣੀ, ਸਰਵਜੀਤ, ਕਰਤਾਰ ਅਰੋੜਾ, ਆਸਾ ਸਿੰਘ ''ਮਸਤਾਨਾ'', ਸੁਰਿੰਦਰ ਕੌਰ, ਬੀਬੀ ਸੁਮਨ ਆਨੰਦ ਦਿੱਲੀ ਵਾਲੀ, ਸਾਹਿਬ ਸਿੰਘ ਲਾਜ ''ਸੱਚਦੇਵਾ'', ਕਲਿਆਨਪੁਰੀ ਕੈਨੇਡਾ ਆਦਿ ਦੇ ਨਾਓਂ ਖ਼ਾਸ ਤੌਰ ਤੇ ਵਰਨਣ ਕਰਨ ਯੋਗ ਹਨ ।

ਮੈਂ ਕਵੀਆਂ ਦਾ ਸਤਿਕਾਰ ਕਰਦਾ ਹਾਂ । ਅੱਜਕਲ੍ਹ ਮੇਰੇ ਸਟੇਜੀ ਸਮਕਾਲੀ ਕਵੀਆਂ ਵਿੱਚੋਂ 'ਕਾਸਦ', ਨਿਰਵੈਰ, ਐਸ.ਐਸ. ਗਰੀਬ, ਬੇਧੜਕ, ਗੁਰਚਰਨ 'ਸਮਾਨਾ', ਪੂਰਨ ਸਿੰਘ 'ਜੋਸ਼', ਪਰਵਾਨਾ ਬਲ, ਮਸਰੂਰ ਆਦਿ ਦੇ ਨਾਓਂ ਵਰਨਣਯੋਗ ਹਨ ।

ਮੈਂ ਉਨ੍ਹਾਂ ਸਾਰੇ ਕਵੀਆਂ ਦਾ ਦਿਲੋਂ ਬਹੁਤ ਆਦਰ ਕਰਦਾ ਹਾਂ ਜਿਹੜੇ ਆਪਣੀ ਮਿਹਨਤ ਕਰਕੇ ਸਿੱਖ ਇਤਿਹਾਸ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਬਿਆਨਦੇ ਹਨ ਪਰ ਇਸ ਦੇ ਬਾਵਜੂਦ ਵੀ ਕੁਝ ਕੁ ਐਸੇ ਗਿਣਤੀ-ਮਿਣਤੀ ਦੇ ਬਨਾਵਟੀ ਕਵੀ ਵੀ ਹਨ ਜੋ ਦੂਜੇ ਕਵੀਆਂ ਦੀ ਲਹੂ ਪਸੀਨੇ ਦੀ ਕਮਾਈ ਹੋਈ ਕਵਿਤਾ ਨੂੰ ਮੂੰਹ ਜ਼ਬਾਨੀ ਰੱਟ ਲੈਂਦੇ ਤੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਅਸਲ ਕਵੀ ਦਾ ਨਾਓਂ ਕੱਟ ਕੇ ਆਪਣੇ ਨਾਓਂ ਨਾਲ ਜੋੜ ਕੇ ਪੜ੍ਹਦੇ ਹਨ । ਉਹ ਭਾਵੇਂ ਗਾਇਕ ਜਾਂ ਕਵੀ ਹਨ, ਉਹਨਾਂ ਨੂੰ ਗੁਰੂ ਘਰ, ਸਿੱਖ ਪੰਥ ਤੇ ਗੁਰੂ ਦਰਬਾਰ ਵਿਚੋਂ ਉਹ ਸਜ਼ਾ ਮਿਲੇਗੀ ਜੋ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦਾਂ ਨੂੰ ਸਜ਼ਾ ਦਿੱਤੀ ਸੀ ।

''ਅੰਮ੍ਰਿਤ ਭਿਜੇ ਬੋਲ'' ਪਾਠਕਾਂ ਦੇ ਹੱਥਲੀ ਪੁਸਤਕ ਮੇਰਾ ਮੇਰਾ ਨੌਂਵਾਂ ਕਾਵਿ ਸੰਗ੍ਰਹਿ ਹੈ, ਜੇ ਮੇਰਾ ਪਾਠਕਾਂ ਹੌਸਲਾ ਵਧਾਇਆ ਤਾਂ ਦੋ ਤਿੰਨ ਕਾਵਿ ਰਚਨਾਵਾਂ (ਧਾਰਮਿਕ ਸਿੱਖੀ ਇਤਿਹਾਸ ਬਾਰੇ) ਪਾਠਕਾਂ ਨੂੰ ਹੋਰ ਭੇਟ ਕਰਾਂਗਾ।

ਚਰਨ ਸਿੰਘ ''ਸਫ਼ਰੀ''

ਪਿੰਡ ਕਹਿਰਵਾਲੀ (ਦਸੂਹਾ)
ਜ਼ਿਲ੍ਹਾ ਹੁਸ਼ਿਆਰਪੁਰ

ਮੁਖ ਬੰਧ

ਮੈਨੂੰ ਇਹ ਲਿਖਦਿਆਂ ਬੇਹੱਦ ਪ੍ਰਸੰਨਤਾ ਪ੍ਰਾਪਤ ਹੋ ਰਹੀ ਹੈ ਕਿ ਉੱਤਰੀ ਭਾਰਤ ਦੇ ਪੰਜਾਬੀ ਦੇ ਮਸ਼ਹੂਰ ਸ਼ਾਇਰ ਜਨਾਬ ਚਰਨ ਸਿੰਘ ''ਸਫ਼ਰੀ'' ਨੇ ਅੱਜ ਤੋਂ 50 ਵਰ੍ਹੇ ਪਹਿਲਾਂ ਕਿੱਸਾ ਮੀਰਾਂ ਬਾਈ (1944) ਤੋਂ ਬਾਅਦ ਲਗਭਗ ਇਕ ਦਰਜਨ ਤੋਂ ਵੱਧ ਇਕ ਤੋਂ ਵੱਧ ਸਮੱਗਰੀ ਭਰਪੂਰ ਪੁਸਤਕਾਂ ਪੰਜਾਬੀ ਮਾਂ-ਬੋਲੀ ਨੂੰ ਦੇ ਕੇ ਏਸ ਦੇ ਭੰਡਾਰੇ ਸਾਹਿਤਕ ਨੂੰ ਅਮੀਰ ਕੀਤਾ ਅਤੇ ਸਿੱਖੀ ਜੀਵਨ, ਸਿੱਖੀ ਮੂਲ-ਸਿਧਾਂਤਾਂ ਤੇ ਸਿੱਖ ਜਗਤ ਦੀ ਬੇਹੱਦ ਸ਼ਲਾਘਾਯੋਗ ਆਪਣੀ ਸ਼ਾਇਰੀ ਨਾਲ ਸੇਵਾ ਕੀਤੀ । ਇਸ ਨੂੰ ਪ੍ਰਚਾਰਿਆ ਵੀ ।

ਉਹ ਇਕ ਪੰਜਾਬੀ ਦੇ ਉਤਸਾਦ ਸ਼ਾਇਰ ਵੀ ਹਨ ਅਤੇ ਪੰਜਾਬੀ ਸਟੇਜੀ ਕਵਿਤਾ ਦੀ ਅਦਾਇਗੀ ਦੇ ਬਾਦਸ਼ਾਹ ਵੀ ਜੋ ਕਿਸੇ ਵੀ ਪੰਜਾਬੀ ਵਾਸਤੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ, ਏਥੋਂ ਤੱਕ ਕਿ ਕੋਈ ਧਾਰਮਿਕ ਸਮਾਗਮ ਹੋਵੇ ਜਾਂ ਸਮਾਜਿਕ ਕਵੀ ਦਰਬਾਰ ਹੋਵੇ ਪਰ ਉਹਨਾਂ ਦੀ ਗ਼ੈਰ-ਹਾਜ਼ਰੀ ਬਿਨ੍ਹਾਂ ਸੁੰਞਾ ਹੀ ਲੱਗਦਾ ਹੈ ਅਤੇ ਨਾਲ ਫਿੱਕਾ ਵੀ । ਉਹ ਕਾਫ਼ੀ ਅਰਸਾਦਰਾਜ਼ ਤੋਂ ਪੰਜਾਬੀ ਅਦਬ, ਕਿਤਾਬੀ ਸ਼ਾਇਰੀ, ਸਟੇਜੀ ਕਵਿਤਾ ਦੀ ਅਦਾਇਗੀ ਤੇ ਪੰਜਾਬੀ ਸਾਹਿਤ ਦੀ ਸੇਵਾ ਨਾਲ ਜੁੜੇ ਹੋਏ ਹਨ ।

ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ, ਗੁਰੂ ਸਾਹਿਬਾਨ, ਭਗਤਾਂ, ਗੁਰਬਾਣੀ, ਸਿੱਖ ਇਤਿਹਾਸ ਨੂੰ ਖੋਜ ਭਰਪੂਰ ਲਿਖਣ, ਗੁਰੂ ਪੰਥ ਦੀ ਚੜ੍ਹਦੀ ਕਲਾ ਲਈ ਸੇਵਾ ਵਿਚ ਜੁੱਟੇ ਰਹਿਣਾ ਹੀ ਉਹਨਾਂ ਦਾ ਤੇ ਉਹਨਾਂ ਦੀ ਸ਼ਾਇਰੀ ਦਾ ਕਰਮ, ਧਰਮ ਤੇ ਗਿਆਨ ਹੈ ਜਿਸ ਸਦਕਾ ਉਨ੍ਹਾਂ ਇਹ ਹੱਥਲੀ ਪੁਸਤਕ ''ਅੰਮ੍ਰਿਤ ਭਿੱਜੇ ਬੋਲ'' ਰਚਨ, ਛਪਵਾਉਣ ਤੇ ਪਹੁੰਚਾਉਣ ਦਾ ਉੱਦਮ ਕੀਤਾ ਹੈ ।

—ਹਰਭਜਨ ਸਿੰਘ ਗਿੱਲ

ਸਮਰਪਿਤ

ਪੰਥ ਦੇ ਅਮਰ ਸ਼ਹੀਦਾਂ

ਨੂੰ

1

ਗੁਰੂ ਨਾਨਕ ਆਗਮਨ

ਅੱਜ ਸਤਿਗੁਰ ਨਾਨਕ ਜਨਮ ਲਿਆ,
ਦਿਨ ਆਇਆ ਖੁਸ਼ੀ ਮਨਾਵਣ ਦਾ ।
ਉਸ ਕਿਹਾ ਮੇਰਾ ਇਕ ਮਕਸਦ ਹੈ,
ਇਸ ਦੁਨੀਆਂ ਦੇ ਵਿਚ ਆਵਣ ਦਾ ।
ਧਨਵਾਨਾ ! ਧੰਦਾ ਛੱਡ ਦੇ ਤੂੰ,
ਧਨ ਧੋਖੇ ਨਾਲ ਕਮਾਵਣ ਦਾ ।
ਲਾਲੋ ਨੂੰ ਮੌਕਾ ਦੇਣਾ ਏ,
ਢਿੱਡ ਭਰਕੇ ਰੋਟੀ ਖਾਵਣ ਦਾ ।

ਵੈਸੇ ਤਾਂ ਸਾਰੇ ਭਾਰਤ ਤੇ,
ਰਿਸ਼ੀਆਂ ਦੇ ਹੱਥ ਦੀ ਛਾਇਆ ਏ ।
ਪਰ ਜਨਮ ਸ੍ਰੀ ਗੁਰੂ ਨਾਨਕ ਦਾ,
ਪੰਜਾਬ ਦੇ ਹਿੱਸੇ ਆਇਆ ਏ ।

ਜਿੱਥੇ ਸਤਿਗੁਰ ਨਾਨਕ ਜਨਮ ਲਿਆ,
ਉਹ ਭਾਗ ਭਰੀ ਤਲਵੰਡੀ ਏ ।
ਦੁਨੀਆਂ ਦੇ ਭੁੱਲੜ ਬੰਦਿਆਂ ਲਈ,
ਇਕ ਸਾਫ਼-ਸਾਫ਼ ਪਗ-ਡੰਡੀ ਏ ।
ਜਿੱਥੇ ਸੱਚਾ ਸੌਦਾ ਵਿਕਦਾ ਏ,
ਉਹ ਧਰਮ ਕਰਮ ਦੀ ਮੰਡੀ ਏ ।
ਜਿਨ ਦੂਰ ਹਨ੍ਹੇਰੇ ਕੀਤੇ ਨੇ,
ਜਿਨ ਨਿਰੀ ਰੌਸ਼ਨੀ ਵੰਡੀ ਏ ।

ਆਪਾਂ ਨਨਕਾਣੇ ਪੁਜਣਾ ਏ,
ਹਰ ਹਾਲ ਇਰਾਦਾ ਪੱਕਾ ਏ ।
ਨਨਕਾਣਾ ਸਾਡਾ ਕਾਸ਼ੀ ਹੈ,
ਨਨਕਾਣਾ ਸਾਡਾ ਮੱਕਾ ਏ ।

ਕੀ ਪਾਧੇ ਸਬਕ ਪੜ੍ਹਾਉਣਾ ਸੀ,
ਜੋ ਨਾਨਕ ਸਬਕ ਪੜ੍ਹਾਇਆ ਏ ।
ਦੁਨੀਆਂ ਦੇ ਭੁੱਲੜ ਬੰਦਿਆਂ ਨੂੰ,
ਨਾਨਕ ਨੇ ਰਸਤੇ ਪਾਇਆ ਏ ।
ਰੱਬ ਹਰ ਜੀਵ ਵਿਚ ਵੱਸਦਾ ਏ,
ਹਰ ਸੀਨੇ ਵਿਚ ਸਮਾਇਆ ਏ ।
ਇਹ ਮਜ਼ਬੀ ਠੇਕੇਦਾਰਾਂ ਨੇ,
ਤਾਂ ਕੂੜ ਭੁਲੇਖਾ ਪਾਇਆ ਏ ।

ਕੋਈ ਬੰਦਾ ਛੋਟਾ ਵੱਡਾ ਨਹੀਂ,
ਇਹ ਦਾਤੇ ਦੀ ਵਡਿਆਈ ਏ ।
ਇਹ ਜਾਤ-ਪਾਤ ਦੀ ਬਣਤਰ ਤਾਂ,
ਬੰਦੇ ਨੇ ਆਪ ਬਣਾਈ ਏ ।

ਇਕ ਜੱਟ ਨੇ ਆ ਕੇ ਕਾਲੂ ਜੀ,
ਨੂੰ ਨਵੀਂ ਹਕੀਕਤ ਦੱਸੀ ਏ ।
ਨਾਨਕ ਨਹੀਂ, ਢਾਣੀ ਮੱਝਾਂ ਦੀ,
ਮੇਰੀ ਫ਼ਸਲ 'ਫਿਰਦੀ ਨੱਸੀ ਏ ।
ਤੇ ਅਗੋਂ ਰਾਏ ਬੁਲਾਰ ਕਿਹਾ,
ਤੇਰੀ ਕਿਸਮਤ ਖਿੜ-ਖਿੜ ਹੱਸੀ ਏ ।
ਓ ਜੱਟਾ ! ਤੇਰੀਆਂ ਫ਼ਸਲਾਂ ਤੇ,
ਕੋਈ ਰੱਬ ਦੀ ਰਹਿਮਤ ਵੱਸੀ ਏ ।

ਜੇ ਚਰਨ ਓਸ ਚਰਵਾਹੇ ਦੇ,
ਤੇਰੇ ਖੇਤਾਂ ਦੇ ਵਿਚ ਪੈ ਜਾਂਦੇ ।
ਅੰਬਰ ਤੋਂ ਆਣ ਫਰਿਸ਼ਤੇ ਵੀ,
ਤੇਰੀ ਫ਼ਸਲ ਦੀ ਰਾਖੀ ਬਹਿ ਜਾਂਦੇ ।

ਹੇ ਨਾਨਕ ! ਤੇਰੀਆਂ ਮੱਝੀਆਂ ਨਹੀਂ,
ਬੰਦਿਆਂ ਨੇ ਖੇਤ ਉਜਾੜੇ ਨੇ ।
ਅੱਜ ਅਕਲਾਂ ਦੇ ਹੱਥ ਜੰਘੀ ਹੈ,
ਤੇ ਪੈਰ ਪੈਰ ਤੇ ਪਾੜੇ ਨੇ ।
ਇਹ ਮੰਦਰ ਮਸਜਦ ਗਿਰਜਾ ਘਰ,
ਜੁੱਧਾਂ ਦੇ ਬਣੇ ਅਖਾੜੇ ਨੇ ।
ਮੋਮਨ ਦੇ ਦਿਲ ਵਿਚ ਕੀਨਾ ਹੈ,
ਪੰਡਤ ਦੇ ਦਿਲ ਵਿਚ ਸਾੜੇ ਨੇ ।

ਇਹ ਮਜ਼੍ਹਬੀ ਟੋਲਾ ਵਤਨਾਂ ਦੇ
ਵਿਚ ਅੱਗ ਲਗਾਉਂਦਾ ਫਿਰਦਾ ਹੈ ।
ਕੋਈ ਮੰਦਰ ਢਾਉਂਦਾ ਫਿਰਦਾ ਹੈ,
ਕੋਈ ਮਸਜਦ ਢਾਉਂਦਾ ਫਿਰਦਾ ਹੈ ।

ਮੈਂ ਬੜਾ ਅਲੌਕਿਕ ਤੱਕਿਆ ਏ,
ਇਕ ਨਕਸ਼ਾ ਮੋਦੀ ਖਾਨੇ ਦਾ ।
ਹੱਥ ਕਾਰ ਵੱਲ ਦਿਲ ਯਾਰ ਵੱਲ,
ਇਹ ਹਾਲ ਸੀ ਉਸ ਮਸਤਾਨੇ ਦਾ ।
ਜੱਦ ਚੁਗਲੀ ਕੀਤੀ ਲੋਕਾਂ ਨੇ
ਦਿਲ ਕੁੜ੍ਹਿਆ ਦੌਲਤ ਖ਼ਾਨੇ ਦਾ ।
ਜਦ ਲੇਖਾ ਕੀਤਾ ਮਾਲਿਕ ਨੇ,
ਨਾ ਫ਼ਰਕ ਪਿਆ ਇਕ ਆਨੇ ਦਾ ।

ਮੈਂ ਤੇਰਾ ਹਾਂ, ਮੈਂ ਤੇਰਾ ਹਾਂ,
ਇਹ ਧਾਰਨ ਤੇਰਾਂ ਤੇਰਾਂ ਦੀ ।
ਨਹੀਂ ਗੁਰ ਨਾਨਕ ਦੀ ਤੱਕੜੀ ਦੇ ਵਿਚ,
ਪਾਸਿੰਗ ਹੇਰਾਂ ਫੇਰਾਂ ਦੀ ।

ਮੈਂ ਦੋ ਘੁਟ ਪਾਣੀ, ਪੀਣਾ ਏ,
ਮਰਦਾਨੇ ਕਿਹਾ ਕੰਧਾਰੀ ਨੂੰ ।
ਉਨ ਕੰਨਾਂ ਪਿਛੇ ਸੁਟ ਦਿੱਤਾ,
ਇਹਦੀ ਰੋ-ਰੋ ਅਰਜ਼ ਗੁਜ਼ਾਰੀ ਨੂੰ ।

ਤਿੰਨ ਵਾਰ ਵੀ ਪਾਣੀ ਮੰਗਣ ਤੇ,
ਨਾ ਆਇਆ ਤਰਸ ਹੰਕਾਰੀ ਨੂੰ ।
ਕੁਝ ਬੋਲ ਕੁਬੋਲ ਵੀ ਕਹਿ ਬੈਠਾ,
ਮੇਰੇ ਗੁਰ ਨਾਨਕ ਨਿਰੰਕਾਰੀ ਨੂੰ ।

ਕੀ ਡਿੱਠਾ ਵਲੀ ਕੰਧਾਰੀ ਦਾ,
ਖੂਹ ਪਾਣੀ ਵਾਲਾ ਸੁੱਕ ਗਿਆ ।
ਜਿਸ ਪਾਣੀ ਦਿੱਤਾ ਨਹੀਂ ਉਹਦਾ,
ਦੁਨੀਆਂ 'ਚੋ ਪਾਣੀ ਮੁੱਕ ਗਿਆ ।

ਨਾਨਕ ਦੀ ਦੁਨੀਆਂ ਵੱਖਰੀ ਏ,
ਨਾਨਕ ਦਾ ਰੱਬ ਨਿਰਾਲਾ ਏ ।
ਮੋਮਨ ਦੇ ਹੱਥ ਵਿਚ ਤਸਬੀ ਹੈ,
ਪੰਡਤ ਦੇ ਹੱਥ ਵਿਚ ਮਾਲਾ ਏ ।
ਮੋਮਨ ਨੂੰ ਮਸਜਦ ਪਿਆਰੀ ਹੈ,
ਪੰਡਤ ਦੇ ਲਈ ਸ਼ਿਵਾਲਾ ਏ ।
ਜੇ ਸਾਫ਼ ਦਿਲਾਂ ਦੇ ਹੋਵਣ ਤਾਂ,
ਰੱਬ ਦੋਹਾਂ ਦਾ ਮਤਵਾਲਾ ਏ ।

ਇਸ ਦੁਨੀਆਂ ਦੇ ਵਿਚ ਝਗੜਾ ਹੈ,
ਨਾ ਮਸਜਦ ਦਾ ਨਾ ਮੰਦਰ ਦਾ ।
ਸਫ਼ਰੀ ਜੱਦ ਅੰਦਰ ਦੇਖੇ ਤਾਂ
ਇਹ ਝਗੜਾ ਹੈ ਸਭ ਅੰਦਰ ਦਾ ।

o o o

2

ਗੁਰੂ ਨਾਨਕ ਨੂੰ

ਰੱਬੀ ਰਬਾਬ ਵਜਾਮਦਿਆ, ਰਬਾਬ ਤੇਰੇ ਹੱਥ ਸਜਦੀ ਏ,
ਬੇਸਮਝ ਜ਼ਮਾਨਾ ਕੀ ਜਾਣੇ, ਕਿਸ ਤਾਲ ਤੇ ਇਹ ਪਈ ਵਜਦੀ ਏ ।

ਦੁਨੀਆਂ ਦੇ ਰਹਿਬਰ ਹੇ ਨਾਨਕ, ਆਸਾਨ ਸਿਗਾ ਤੂੰ ਰਾਹ ਦੱਸਿਆ
ਉਸ ਰਾਹ ਨੂੰ ਭੁਲ ਕੇ ਦੇਸ਼ ਮੇਰਾ ਇਕ ਮੁਸ਼ਕਿਲ ਦੇ ਵਿਚ ਹੈ ਫੱਸਿਆ ।

ਉਹ ਖੇਤ ਤੇਰੀ ਤਲਵੰਡੀ ਦੇ ਜਿੱਥੇ ਤੂੰ ਮੰਗੂ ਚਾਰੇ ਸਨ,
ਉਹ ਧਾਨ ਜਿਨ੍ਹਾਂ ਦੇ ਉਜੜਨ ਤੇ ਇਕ ਜੱਟ ਨੇ ਗਿਲੇ ਗੁਜ਼ਾਰੇ ਸਨ ।

ਅੱਜ ਕਦਮ-ਕਦਮ ਤੇ ਸਿਸਕਦੀਆਂ ਲੋਥਾਂ ਦੀ ਲਾਈ ਢੇਰੀ ਗਈ,
ਉਸ ਪੈਲੀ ਵਿਚ ਮਨੁੱਖਾਂ ਦੇ ਹੱਡਾਂ ਦੀ ਖਾਦ ਖਲੇਰੀ ਗਈ ।

ਉਨ੍ਹਾਂ ਸੋਹਣਿਆਂ ਸੋਹਣਿਆਂ ਖੇਤਾਂ ਵਿਚ ਪਿੰਜਰ ਵੀ ਸਾਡੇ ਪਿੰਜੇ ਗਏ,
ਡੁੱਲ੍ਹੀ ਗਈ ਰੱਤ ਮਾਸੂਮਾਂ ਦੀ ਉਹ ਧਾਨ ਲਹੂ ਨਾ ਸਿੰਜੇ ਗਏ ।

ਕਿਸਮਤ ਦੀ ਚਾਲ ਅਣੋਖੀ ਏ ਕੁਦਰਤ ਦੇ ਨਵੇਂ ਨਿਸ਼ਾਨੇ ਨੇ,
ਸਿੰਘਾਂ ਦੀ ਰੱਤ 'ਚ ਉਗੇ ਹੋਏ ਸਿੰਘਾਂ ਲਈ ਧਾਨ ਬੇਗਾਨੇ ਨੇ ।

ਕੰਨੀ ਕਤਰਾਉਂਦੇ ਪ੍ਰੀਤਮ ਹੁਣ ਇਕ ਵਾਰ ਤਾਂ ਆਉਣਾ ਪੈਣਾ ਏ,
ਸਾਡੇ ਲਹੂ 'ਚ ਉਗੇ ਧਾਨਾ ਵਿਚ ਵੀ ਵੱਗ ਚਰਾਉਣਾ ਪੈਣਾ ਏ ।

ਸੀ ਰਾਕਸ਼ ਨੂੰ ਸਮਝਾਇਆ ਹੁਣ ਇਨਸਾਨ ਨੂੰ ਵੀ ਸਮਝਾਉਣਾ ਏ,
ਨਿਰਧਨ ਦੇ ਲਹੂ 'ਚ ਨ੍ਹਾਉਂਦੇ ਹੋਏ ਧਨਵਾਨ ਨੂੰ ਵੀ ਸਮਝਾਉਣਾ ਏ ।

ਇਸ ਧਰਤੀ ਨੂੰ ਸਮਝਾਉਣਾ ਏ ਅਸਮਾਨ ਨੂੰ ਵੀ ਸਮਝਾਉਣਾ ਏ,
ਜੋ ਪੱਥਰ ਬਣ ਕੇ ਬੈਠਾ ਏ ਭਗਵਾਨ ਨੂੰ ਵੀ ਸਮਝਾਉਣਾ ਏ ।

ਐ ਨਾਨਕ ! ਭੁੱਲੜ ਬੰਦਿਆਂ ਨੂੰ ਇਕ ਤੇਰਾ ਹੀ ਫੁਰਮਾਨ ਸਿਗਾ,
ਮਿਹਰ ਮਸੀਤ ਤੇ ਸਿਦਕ ਮੁਸੱਲਾ ਹੱਕ ਹਲਾਲ ਕੁਰਾਨ ਸਿਗਾ ।

ਅੱਜ ਬੰਦੇ ਆਪ ਮੁਹਾਰੇ ਨੇ ਸੰਵਿਧਾਨ ਨੂੰ ਕਿਹੜਾ ਪੁੱਛਦਾ ਏ,
ਗੀਤਾ ਨੂੰ ਕਿਹੜਾ ਪੁੱਛਦਾ ਏ, ਕੁਰਾਨ ਨੂੰ ਕਿਹੜਾ ਪੁੱਛਦਾ ਏ ।

ਇੱਕ ਤੂੰ ਵੀ ਜੰਞੂ ਪਾਇਆ ਸੀ ਜੋ ਵਿਕਦਾ ਨਹੀਂ ਹਰ ਹੱਟ ਸਿਗਾ,
ਦਇਆ, ਕਪਾਹ, ਸੰਤੋਖ, ਸੂਤ ਤੇ ਜੱਤ ਗੰਢੀ ਸਤ ਵੱਟ ਸਿਗਾ ।

ਅੱਜ ਜ਼ਿੰਦਗੀਆਂ ਨੂੰ ਸਾੜ ਸਾੜ ਕੇ ਧੂਪ ਧੁਖਾਇਆ ਜਾਂਦਾ ਏ,
ਮਜ਼ਦੂਰ ਦੀ ਆਂਦਰ ਕੱਢਕੇ ਤੇ ਗਲ ਜੰਞੂ ਪਾਇਆ ਜਾਂਦਾ ਏ ।

ਇਖ਼ਲਾਕ ਦੀ ਸੰਘੀ ਘੁੱਟੇ ਤਾਂ ਅੱਜ ਸੰਖ ਮੰਦਰ ਦਾ ਵੱਜਦਾ ਏ,
ਬੰਦੇ ਦਾ ਚੰਮ ਵਿਛਾਵੇ ਤਾਂ ਮਸਜਦ ਦਾ ਵਿਹੜਾ ਸੱਜਦਾ ਏ ।

ਨਿਰਧਨ ਦੇ ਰੁਲਦੇ ਲਾਸ਼ੇ ਤੋਂ ਜਿਸ ਵੇਲੇ ਕਫ਼ਨ ਲਹਿੰਦਾ ਏ,
ਧਨਵਾਨ ਦੇ ਸਜਰੇ ਐਬਾਂ ਤੇ ਉਸ ਵੇਲੇ ਪੜਦਾ ਪੈਂਦਾ ਏ ।

ਇੱਕ ਤੋਲ ਤੇਰਾ ਵੀ ਤੱਕਿਆ ਸੀ ਉਸ ਧਾਰਨ ਤੇਰਾਂ ਤੇਰਾਂ ਦੀ,
ਅੱਜ ਤੋਲ ਮਣਾਂ ਦੇ ਤੋਲਣ ਨੇ, ਬਰਕਤ ਨਹੀਂ ਪੈਂਦੀ ਸੇਰਾਂ ਦੀ ।

ਕੁਈ ਨੀਚੇ ਹੈ ਕੁਈ ਉੱਤੇ ਹੈ ਦੁਨੀਆਂ ਹੈ ਜਬਰਾਂ ਜ਼ੋਰਾਂ ਦੀ,
ਹੈ ਧਰਮ ਰਾਜ ਦੀ ਤੱਕੜੀ ਵਿਚ ਵੀ ਪਾਸਿੰਗ ਹੇਰਾ ਫੇਰਾਂ ਦੀ ।

ਇਸ ਦੇਸ਼ ਮੇਰੇ ਦੀ ਪੋਥੀ ਦਾ ਕੀਨਾ ਹੀ ਪਹਿਲਾ ਟੱਪਾ ਏ,
ਇਕਨਾ ਲਈ ਊੜਾ ਅੱਖਰ ਹੈ ਇਕਨਾ ਲਈ ਸੱਪ ਖੜੱਪਾ ਏ ।

ਜਦ ਧਰਮ ਕਰਮ ਦੀ ਬਾਤ ਨਹੀਂ ਤਦ ਨਰਕ ਸੁਰਗ ਦੀ ਸੈਂਸਾ ਕੀ ?
ਜਦ ਗਲੇ ਕੱਟਣ ਤੇ ਹੋ ਗਏ ਹਾਂ ਫਿਰ ਬੱਕਰੀ ਕੀ ਤੇ ਭੈਂਸਾ ਕੀ ?

ਇਨਸਾਨ ਸਮਝਦਾ 'ਸਫ਼ਰੀ' ਜਦ ਤੱਕ ਭਾਵ ਨਹੀਂ ਗੁਰਬਾਣੀ ਦਾ,
ਬੇੜਾ ਕੀ ਹੋਣਾ ਪਾਰ ਕਦੇ ਇਸ ਦੁਨੀਆਂ ਰੁੜ ਪੁੜ ਜਾਣੀ ਦਾ ?

ੋ ੋ ੋ

3

ਲੈ ਕੇ ਰੱਬੀ ਰਬਾਬ ਆਇਆ

ਭਾਰਤ ਮਾਂ ਦੇ ਤੜਫਦੇ ਹਉਕਿਆਂ ਦਾ,
ਲੈ ਕੇ ਅੰਬਰੋਂ ਕੋਈ ਜਵਾਬ ਆਇਆ ।
ਵਰਕੇ ਫੋਲਦਾ ਲੇਖਾਂ ਦੀ ਪੱਤਰੀ ਦੇ,
ਸਾਡੇ ਦੁਖਾਂ ਦਾ ਕਰਨ ਹਿਸਾਬ ਆਇਆ ।
ਆਈ ਆਬ ਪਪੀਹੇ ਦੇ ਬੁਲ੍ਹਾਂ ਉਤੇ,
ਨਜ਼ਰੀਂ ਅੰਬਰੋਂ ਵੱਸਦਾ ਆਬ ਆਇਆ ।
ਧੁਰੋਂ ਰੱਬ ਦਾ ਘੱਲਿਆ ਗੁਰੂ ਨਾਨਕ,
ਜਦੋਂ ਲੈ ਕੇ ਰੱਬੀ ਰਬਾਬ ਆਇਆ ।

ਰੱਬੀ ਰਾਗ ਅਲਾਪਿਆ ਕੋਈ ਉਸ ਨੇ,
ਕੁੱਲ ਮਸਤ ਇਕ ਦਮ ਕਾਇਨਾਤ ਹੋ ਗਈ ।
ਸੂਰਜ ਸੱਚ ਦਾ ਨਿਕਲਿਆ ਨ੍ਹੇਰ ਭੱਜਾ,
ਚਿਟੇ ਦੋਪੀਏ ਵਾਂਗ ਪ੍ਰਭਾਤ ਹੋ ਗਈ ।

ਮੀਂਹ ਮਿਹਰ ਵਰ੍ਹਿਆ ਠੰਢੇ ਠਾਰ ਹੋ ਗਏ,
ਸੜਦੇ ਦਿਲ ਸਨ ਜੋ ਸੜਦੀ ਅੱਗ ਵਰਗੇ ।
ਕਾਲੇ ਦਿਲ ਸਨ ਜੋ ਕਾਲੇ ਤਵੇ ਵਰਗੇ,
ਧੋਤੇ ਗਏ ਹੋ ਗਏ ਚਿੱਟੀ ਪੱਗ ਵਰਗੇ ।
ਕੌਡੇ ਜਹੇ ਜੋ ਕੌਡੀਓਂ ਸਨ ਖੋਟੇ,
ਸੁੱਚੇ ਉਹ ਹੋ ਗਏ ਸੁੱਚੇ ਨੱਗ ਵਰਗੇ ।
ਸੱਜਣ ਰੱਬ ਤੇਰਾ ਸੱਜਣ ਰੱਬ ਦਾ ਤੂੰ,
ਸੱਜਣ ਬਣੇ ਤੇਰੇ ਸੱਜਣ ਠੱਗ ਵਰਗੇ ।

ਸਿਲ੍ਹੇ ਦੂਈ ਦੁਵੈਖ ਦੇ ਦਾਣਿਆਂ ਨੂੰ,
ਪੀਹਦਾ ਗਿਆ ਉਹ ਚੱਕੀ ਦੇ ਪੁੜ ਵਾਂਗੂੰ ।
ਕੌੜੇ ਦਿਲ ਤੇ ਰੇਠੜੇ ਜ਼ਹਿਰ ਵਰਗੇ,
ਹੋ ਗਏ ਦੇਸੀ ਕਮਾਦ ਦੇ ਗੁੜ ਵਾਂਗੂੰ ।

ਸਾਂਝੇ ਜਾਣਿਆਂ ਉਸ ਸਭਨਾਂ ਫਿਰਕਿਆਂ ਨੂੰ,
ਲੈਣਾ ਕੀ ਸੀ ਪੱਖ ਅਪੱਖ ਵਿਚੋਂ ।
ਉਹਦੀ ਬਾਣੀ ਦਾ ਜਿਹਨੇ ਵੀ ਪਾਠ ਕੀਤਾ,
ਨਿਕਲ ਗਿਆ ਉਹ ਚੌਰਾਸੀ ਲੱਖ ਵਿਚੋਂ ।
ਮੰਗੂ ਅਪਣਾ ਜਦੋਂ ਉਦਾਸ ਹੋ ਕੇ
ਗੁਰਾਂ ਹਿਕਿਆ ਜੱਟਾਂ ਦੀ ਰੱਖ ਵਿਚੋਂ ।
ਭੂਖਣ ਭਾਣੀਆਂ ਉਹਦੀਆਂ ਮੱਝੀਆਂ ਨੇ,
ਕੰਡੇ ਚੁਣੇ ਸੰਸਾਰ ਦੀ ਅੱਖ ਵਿਚੋਂ ।

ਨੂਰੀ ਨੈਣਾਂ ਦੀ ਨੂਰੀ ਕਮਾਨ ਵਿਚੋਂ,
ਜਿੱਧਰ ਮਾਰਿਆ ਨਿਗ੍ਹਾ ਦਾ ਤੀਰ ਤੁੱਕਾ ।
ਸਿੱਧੇ ਸਿੱਧ ਕਰਨੇ ਕੀ ਸੀ ਗੱਲ ਕੀਤੇ,
ਨਾਨਕ ਪੀਰ ਨੇ ਪੀਰਾਂ ਦੇ ਪੀਰ ਤੁੱਕਾ ।

ਤਖ਼ਾ ਬਦਲ ਕੇ ਤੌਬਾ ਕਰਾਈ ਉਸ ਨੇ,
ਬਾਬਰ ਵਰਗਿਆਂ ਸੰਗ ਦਿਲ ਸ਼ਾਹਾਂ ਕੋਲੋਂ ।
ਕੋਈ ਭੈਣ ਭਰਾ ਦਾ ਦਰਦ ਪੁੱਛੇ,
ਬੇਬੇ ਨਾਨਕੀ ਦੀਆਂ ਨਿਗਾਹਾਂ ਕੋਲੋਂ ।
ਮੈਂ ਤਾਂ ਪਾਪੀ ਹਾਂ ਅਪਣੇ ਆਪ ਕੰਬਾਂ,
ਡਰਦਾ ਅਪਣੇ ਕੀਤੇ ਗੁਨਾਹਾਂ ਕੋਲੋਂ ।
ਪੁੱਛੋ ਹਿੰਦੋਸਤਾਨੀਓ ਕਦਰ ਉਹਦੀ,
ਜਾ ਕੇ ਮੱਕੇ ਮਦੀਨੇ ਦੇ ਰਾਹਾਂ ਕੋਲੋਂ ।

ਝਗੜੇ ਲਾਸ਼ਾਂ ਉਤੇ ਮੁਸਲਮਾਨ ਹਿੰਦੂ,
ਗ਼ੈਬੋਂ ਆਣ ਕੁਈ ਦੋਹਾਂ ਤੋਂ ਖੋਹ ਲੈ ਗਏ ।
ਬਾਕੀ ਪਈ ਰਹਿ ਗਈ ''ਸਫ਼ਰੀ'' ਇੱਕ ਚਾਦਰ,
ਅੱਧੀ ਇਹ ਲੈ ਗਏ ਅੱਧੀ ਉਹ ਲੈ ਗਏ ।

o o o

4

ਬਾਬਾ ਸ੍ਰੀ ਚੰਦ

ਸ੍ਰਿਸ਼ਟੀ ਦੇ ਮਾਲਿਕ ਸ੍ਰੀ ਚੰਦ ਤੇਰਾ ਜਨਮ ਦਿਹਾੜਾ ਆਇਆ ਏ ।
ਦੇਵਤਿਆਂ ਨੀਲੇ ਅੰਬਰ ਤੋਂ ਫੁੱਲਾਂ ਦਾ ਮੀਂਹ ਵਰਸਾਇਆ ਏ ।
ਇਹ ਨੂਰ ਸ੍ਰੀ ਗੁਰੂ ਨਾਨਕ ਦਾ ਤੇ ਮਾਤ ਸੁਲੱਖਣੀ ਜਾਇਆ ਏ ।
ਇਹ ਉਹ ਰੌਸ਼ਨੀ ਸ੍ਰੀ ਚੰਦ ਜਿਸਨੇ ਬ੍ਰਹਿਮੰਡ ਰੁਸ਼ਨਾਇਆ ਏ ।

ਨਹੀਂ ਮੁੜੇ ਨਾਮ ਤੋਂ ਬਾਬਾ ਜੀ ਮਨ ਮੋਹ ਮਾਇਆ ਤੋਂ ਮੋੜ ਗਏ ।
ਤੇ ਗੁਰ ਨਾਨਕ ਦੇ ਚਰਨਾਂ ਨਾਲ ਸਾਨੂੰ ਪੱਕਿਆਂ ਕਰਕੇ ਜੋੜ ਗਏ ।

ਉਸ ਸ਼ਿਵ ਭੋਲੇ ਭੰਡਾਰੀ ਨੇ ਜਿੱਥੇ ਵੀ ਚਰਨ ਛੁਹਾ ਦਿਤੇ ।
ਮਿੱਟੀ ਦੇ ਨਾਜ਼ਕ ਜ਼ੱਰੇ ਵੀ ਸੂਰਜ ਤੋਂ ਵੱਧ ਚਮਕਾ ਦਿਤੇ ।
ਉਹਦੇ ਚਿਮਟੇ ਪੰਜਾਂ ਦੂਤਾਂ ਦੇ ਪਿੰਡੇ ਦੇ ਚੰਮ ਉੱਡਾ ਦਿਤੇ ।
ਉਨ ਫੜਕੇ ਕਾਲ ਕਲੋਟੇ ਦੇ ਕੰਨਾਂ ਨੂੰ ਹੱਥ ਲੁਆ ਦਿਤੇ ।

ਜੀਉਂਦੇ ਜੀ ਲਕਸ਼ਮੀ ਚੰਦ ਹੁਰਾਂ ਬੈਕੁੰਠ ਨੂੰ ਜਾਣਾ ਚਾਹਿਆ ਸੀ ।
ਬਾਂਹ ਕਰਕੇ ਲੰਮੀ ਸ੍ਰੀ ਚੰਦ ਪਰਵਾਰ ਨੂੰ ਥੱਲੇ ਲਾਹਿਆ ਸੀ ।

ਜੰਗਲ ਵਿਚ ਜਿੰਨ ਤੇ ਭੂਤ ਕਈ ਫਿਰਦੇ ਪਏ ਚੱਪੇ-ਚੱਪੇ ਸੀ ।
ਕੁਝ ਸ਼ੇਰ, ਬਘੇਲੇ, ਚੀਤੇ ਸੀ ਕੁਝ ਫ਼ਨੀਅਰ ਸੱਪ ਖੜੱਪੇ ਸੀ ।
ਇਹ ਉਛਲ ਰਹੇ ਸੀ ਜਗ੍ਹਾ ਜਗ੍ਹਾ ਤੇ ਮਾਰਦੇ ਪਏ ਛੜੱਪੇ ਸੀ ।
ਖੂੰਖਾਰ ਜੀਵ ਇਹ ਜੰਗਲ ਦੇ ਤੂੰ ਪੈਰਾਂ ਥੱਲੇ ਨੱਪੇ ਸੀ ।

ਐ ਕਲਾ ਧਾਰੀਆ ਤੂੰ ਆਪਣੀ ਦੁਨੀਆਂ ਨੂੰ ਕਲਾ ਵਖਾਈ ਸੀ ।
ਤੇ ਜਹਾਂਗੀਰ ਦੇ ਮੋਏ ਹੋਏ ਪੁੱਤਰ ਵਿਚ ਜ਼ਿੰਦਗੀ ਪਾਈ ਸੀ ।

ਦੁਨੀਆਂ ਨੂੰ ਪਿਆਰ ਵੰਡ ਗਏ ਦੁਨੀਆਂ ਦੇ ਪਿਆਰੇ ਸ੍ਰੀ ਚੰਦ ।
ਪੰਜ ਦੈਂਤ ਪਕੜ ਕੇ ਧਰਤੀ ਤੇ ਪਟਕਾ ਕੇ ਮਾਰੇ ਸ੍ਰੀ ਚੰਦ ।
ਤਾਰੇ ਨਹੀਂ ਓਨੇ ਅੰਬਰ ਦੇ ਜਿੰਨੇ ਤੂੰ ਤਾਰੇ ਸ੍ਰੀ ਚੰਦ ।
ਤੇਰੇ ਪਾਕ ਪਵਿੱਤਰ ਚਰਨਾਂ ਤੋਂ ਜਾਵਾਂ ਬਲਿਹਾਰੇ ਸ੍ਰੀ ਚੰਦ ।

ਇਸ ਦਰ ਤੇ ਆਣ ਫਰਿਸ਼ਤੇ ਵੀ ਨਿਉਂ ਨਿਉਂ ਕੇ ਸੀਸ ਝੁਕਾਉਂਦੇ ਨੇ ।
ਤੇ ਕਾਮ ਧੇਨ ਤੇ ਕਲਪ ਵਿਰਛ ਏਥੋਂ ਮੰਗਾਂ ਮੰਗਣ ਆਉਂਦੇ ਨੇ ।

ਏਥੇ ਖਾਲੀ ਹੱਥ ਵੀ ਆਉਂਦਾ ਜੋ ਉਹਦਾ ਖਾਲੀ ਖੀਸਾ ਭਰ ਜਾਂਦੈ ।
ਜੋ ਕਾਲ ਦੌੜਦਾ ਮਾਰਨ ਲਈ ਆ ਕੋਲ ਤੇਰੇ ਝੱਟ ਮਰ ਜਾਂਦੈ ।
ਏਥੇ ਤਰਦਾ ਤਰਦਾ ਡੁਬ ਜਾਂਦਾ ਪਰ ਡੁਬਦਾ-ਡੁਬਦਾ ਤਰ ਜਾਂਦੈ ।
ਜਿਹਦਾ ਤੀਨ ਲੋਕ ਵਿਚ ਨਹੀਂ ਸਰਦਾ ਇਸਦੇ ਵਿਚ ਨ੍ਹਾ ਕੇ ਸਰ ਜਾਂਦੈ ।

ਇਕ ਪਲਕ ਲਈ ਜੇ ਬਾਬਾ ਜੀ ਆਪਾਂ ਤੋਂ ਅੱਖ ਲਫਾ ਜਾਵੇ ।
ਅੰਬਰ ਢੈ ਢੇਰੀ ਹੋ ਜਾਵੇ ਧਰਤੀ ਤੇ ਪਰਲੈ ਆ ਜਾਵੇ ।

ਇਸ ਦੁਨੀਆਂ ਦੇ ਵਿਚ ਆਈ ਏ ਇਕ ਜੋਤ ਨਿਆਰੀ ਸ੍ਰੀ ਚੰਦ ।
ਸਾਡਾ ਸ਼ਾਮ ਮੁਰਾਰੀ ਸ੍ਰੀ ਚੰਦ ਨਾਨਕ ਨਿਰੰਕਾਰੀ ਸ੍ਰੀ ਚੰਦ ।
ਇਹ ਰੂਪ ਬ੍ਰਹਮਾ ਸ਼ਿਵ ਜੀ ਦਾ ਬਾਲ ਬ੍ਰਹਮਚਾਰੀ ਸ੍ਰੀ ਚੰਦ ।
ਇਕ ਮੈਂ ਹੀ ਕੱਲਾ ਤਰਿਆ ਨਹੀਂ ਕੁਲ ਦੁਨੀਆਂ ਤਾਰੀ ਸ੍ਰੀ ਚੰਦ ।

ਵਿਗੜੀ ਹੋਈ ਸਾਡੇ ਭਾਰਤ ਦੀ ਤਕਦੀਰ ਸੁਆਰੀ ਸ੍ਰੀ ਚੰਦ ।
ਤੇ ਪੀੜ ਵੰਡਾਈ ਧਰਤੀ ਦੀ ਸਾਰੀ ਦੀ ਸਾਰੀ ਸ੍ਰੀ ਚੰਦ ।

ਅੱਜ ਅੰਬਰ ਤੱਕ ਵੀ ਪਹੁੰਚ ਗਿਆ ਆਹ ਸੇਕ ਸਾਡੀਆਂ ਹਾਵਾਂ ਦਾ ।
ਪੁੱਤਰਾਂ ਦੀਆਂ ਪਈਆਂ ਲਾਸ਼ਾਂ ਤੇ ਦਿਲ ਟੋਟੇ ਟੋਟੇ ਮਾਵਾਂ ਦਾ ।
ਅਸੀਂ ਪਏ ਵਾਸਤਾ ਪਾਉਨੇ ਆਂ ਤੇਰੇ ਸਿਰ ਦੀਆਂ ਪਾਕ ਜਟਾਵਾਂ ਦਾ ।
ਬਾਬਾ ਜੀ ! ਗੁਲਸ਼ਨ ਝੁਲਸ ਗਿਆ ਰੁਖ ਬਦਲੋ ਗਰਮ ਹਵਾਵਾਂ ਦਾ ।

ਅੱਜ ਹਾਕਮ ਫਰਜ਼ ਨਿਭਾਉਂਦੇ ਨਹੀਂ ਅੱਜ ਵਾੜ ਖੇਤ ਨੂੰ ਖਾਂਦੀ ਏ ।
ਸੰਸਾਰ ਦੇ ਅੰਦਰ ਮਾਨਵਤਾ ਬਿਨ ਪਾਣੀਉਂ ਮਰਦੀ ਜਾਂਦੀ ਏ ।

ਅੱਜ ਅਸਲ ਮੰਜ਼ਲ ਨੂੰ ਛੱਡ ਕੇ ਤੇ ਇਨਸਾਨ ਕਿਧਰ ਨੂੰ ਚਲਾ ਗਿਆ ?
ਅੱਜ ਧਰਮ ਕਿਧਰ ਨੂੰ ਚਲਾ ਗਿਆ, ਈਮਾਨ ਕਿਧਰ ਨੂੰ ਚਲਾ ਗਿਆ ?
ਅੱਜ ਧਰਤ ਕਿਧਰ ਨੂੰ ਚਲੀ ਗਈ, ਅਸਮਾਨ ਕਿਧਰ ਨੂੰ ਚਲਾ ਗਿਆ ?
ਭਗਵਾਨ ਦੇ ਭਗਤੋ ! ਸੱਚ ਦੱਸੋ !! ਭਗਵਾਨ ਕਿਧਰ ਨੂੰ ਚਲਾ ਗਿਆ ?

ਇਹ ਰੱਬ ਦਾ ਬੰਦਾ ਕਿਵੇਂ ਕਿਵੇਂ ਰੱਬ ਨੂੰ ਰੀਝਾਉਂਦਾ ਫਿਰਦਾ ਏ ।
ਕੋਈ ਮਸਜਦਾਂ ਢਾਉਂਦਾ ਫਿਰਦਾ ਏ, ਕੋਈ ਮੰਦਰ ਢਾਉਂਦਾ ਫਿਰਦਾ ਏ ।

ਸੰਸਾਰ ਨੂੰ ਛੱਡ ਕੇ ਬਾਬਾ ਜੀ ਤੇਰੇ ਦਰ ਤੇ ਆ ਕੇ ਬਹਿ ਗਏ ਆਂ ।
ਤਨ ਉੱਤੇ ਤੇਰੇ ਧੂਏਂ ਦੀ ਇਕ ਭਸਮ ਰੁਮਾ ਕੇ ਬਹਿ ਗਏ ਆਂ ।
ਹੁਣ ਖੈਰ ਪਵੇ ਜਾਂ ਨਾ ਹੀ ਪਵੇ ਅਸੀਂ ਅਲਖ ਜਗਾ ਕੇ ਬਹਿ ਗਏ ਆਂ ।
ਐ ਸ੍ਰੀ ਚੰਦ ਤੇਰੇ ਚਰਨਾਂ ਦੇ ਵਿਚ ਸੁਰਤ ਟਿਕਾ ਕੇ ਬਹਿ ਗਏ ਆਂ ।

ਕੁਲ ਦੁਨੀਆਂ 'ਸਫਰੀ' ਭੁੱਲ ਜਾਣੀ ਇਹ ਵਾਕ ਕਦੇ ਨੀ ਭੁੱਲੇਗਾ ।
ਇਕ ਬਾਬੇ ਸ੍ਰੀ ਚੰਦ ਦਾ ਝੰਡਾ ਇਸ ਦੁਨੀਆਂ ਅੰਦਰ ਝੁੱਲੇਗਾ ।

o o o

5

ਮਾਤਾ ਸੁਲੱਖਣੀ ਬੇਬੇ ਨਾਨਕੀ ਨੂੰ

ਗੁਰ ਨਾਨਕ ਪਰਦੇਸ ਗਿਆਂ ਨੂੰ ਤੀਜੀ ਵਰ੍ਹੇ ਵਿਹਾਈ ।
ਦੁਖੀ ਸੁਲੱਖਣੀ ਦਿਲ ਦੀ ਵਿਥਿਆ ਰੋ-ਰੋ ਆਣ ਸੁਣਾਈ

ਬੀਬੀ ਨੀ ! ਤੇਰਾ ਵੀਰ ਜਦੋਂ ਦਾ ਚਲ ਪਰਦੇਸੀ ਹੋਇਆ ।
ਕਈ ਵਾਰ ਦਿਲ ਜੀਉਂਦਾ ਹੋਇਆ ਕਈ ਵਾਰ ਦਿਲ ਮੋਇਆ ।

ਉਹ ਦੁਖੀਆਂ ਦੇ ਦੁੱਖੜੇ ਸੁਣਦਾ ਸਾਡੀ ਸੁਣੀ ਨਾ ਕਾਈ ।
ਉਹ ਕੀ ਜਾਣੇ ਮੈਂ ਬਿਰਹੋਂ ਦੀ ਕਿੰਨੀ ਪੀੜ ਹੰਢਾਈ ।

ਉਜੜੇ ਥਾਨ ਵੀ ਹਰੇ ਕਰ ਗਿਆ ਦੁਨੀਆਂ ਸ਼ੋਭਾ ਗਾਏ ।
ਫ਼ਸਲ ਸਾਡੀਆਂ ਸੱਧਰਾਂ ਦੀ ਪਰ ਦਿਨ ਦਿਨ ਸੁਕਦੀ ਜਾਏ ।

ਉਸਦੇ ਮੁੱਖ ਤੇ ਫਨੀਅਰ ਨਾਗਾਂ ਨੇ ਵੀ ਕੀਤੀ ਛਾਇਆ ।
ਸਾਡਾ ਸੂਰਜ ਸਾਡੇ ਸਿਰ ਤੇ ਅੱਗ ਖਿਲਾਰਨ ਆਇਆ ।

ਜਦ ਦਾ ਗਿਆ ਵਿਛੋੜੇ ਪਾ ਕੇ ਨੈਣੀ ਨੀਂਦ ਨਾ ਆਵੇ ।
ਸੂਤ ਗਲੋਟਾ ਇਕ ਨਾ ਕੱਤਿਆ ਚਰਖਾ ਵੱਢ ਵੱਢ ਖਾਵੇ ।

ਲਕਸ਼ਮੀ ਚੰਦ ਤੇ ਸ੍ਰੀ ਚੰਦ ਦਾ ਦਿਲ ਬਹਿਲਾ ਨਾ ਸਕਿਆ ।
ਢਿੱਡ ਦੀਆਂ ਦੋਹਾਂ ਆਂਦਾਂ ਨੂੰ ਵੀ ਕੋਲ ਲੈ ਜਾ ਨਾ ਸਕਿਆ ।

ਕੀ ਕੀ ਉਸ ਨੇ ਕੌਤਕ ਕੀਤੇ ਨਹੀਂ ਸਮਝ ਵਿਚ ਆਇਆ ।
ਸਾਥੋਂ ਮੂੰਹ ਭੁਆ ਕੇ ਉਸ ਨੇ ਮੱਕਾ ਕਿਵੇਂ ਭੁਆਇਆ ।

ਆ ਮੁੜ ਸਾਡੇ ਸਿਰ ਦਿਆ ਸਾਈਆਂ ਪਾ ਵਤਨਾ ਵੱਲ ਫੇਰਾ ।
ਸਾਡੀ ਹੀ ਜਿੰਦ ਜ਼ਾਣੀ ਆਖਿਰ ਕੁਝ ਨਹੀ ਜਾਣਾ ਤੇਰਾ ।

ਤੈਨੂੰ ਤੱਤੀ ਵਾਉ ਨਾ ਲੱਗੇ ਤੇਰੀਆਂ ਦੂਰ ਬਲਾਵਾਂ ।
ਸਾਡੇ ਹਉਕਿਆਂ ਨਾਲ ਤਾਂ ਸਾਡਾ ਝੁਲਸ ਗਿਆ ਪ੍ਰਛਾਵਾਂ ।

ਕੀ ਹੋਇਆ ਉਨ ਡੁਬਦੇ ਪੱਥਰ ਭਵ ਸਾਗਰ ਚੋਂ ਤਾਰੇ ।
ਪਰ ਹੰਝੂਆਂ ਦੀ ਨਦੀ 'ਚ ਸਾਡੇ ਚਾਅ ਡੋਬ ਗਿਆ ਸਾਰੇ ।

ਉਨ ਕੌਡੇ ਦਾ ਗਰਮ ਕੜਾਹਾ ਇਕ ਦਮ ਠੰਡੜਾ ਪਾਇਆ
ਸਾਡੀ ਬ੍ਰਿਹੋਂ ਦਾ ਨਾ ਲਾਂਬੂ ਉਸ ਤੋਂ ਗਿਆ ਬੁਝਾਇਆ ।

ਸੱਜਣ ਠੱਗ ਠੱਗੀ ਤੋਂ ਟਲਿਆ ਉਸ ਦੀ ਕਿਸਮਤ ਜਾਗੀ
ਪਰ ਸਾਡਾ ਦਿਲ ਠਗਣ ਵਾਲਿਆ ਤੂੰ ਨਾ ਠੱਗੀ ਤਿਆਗੀ ।

ਕੌੜੇ ਰੀਠੇ ਮਿਠੜੇ ਹੋ ਗਏ ਧੰਨ-ਧੰਨ ਕਰੇ ਲੁਕਾਈ ।
ਪਰ ਸਾਡਿਆਂ ਹੰਝੂਆਂ ਦੀ ਤੂੰ ਕਦਰ ਜ਼ਰਾ ਨਾ ਪਾਈ ।

ਪਰਦੇਸਾਂ ਦੀ ਖਬਰ ਲਿਆਂਵੇ 'ਸਫ਼ਰੀ' ਕੌਣ ਵਿਚਾਰਾ ?
ਗ਼ਮ ਵਿਚ ਸਾਨੂੰ ਡੋਬ ਗਿਆ ਏ ਜਗ ਨੂੰ ਤਾਰਨ ਹਾਰਾ ।

o o o

6

ਬੇੜਾ ਪੰਥ ਦਾ ਭਵਜਲੋਂ ਪਾਰ ਕਰਦੇ

ਭਾਰਤ ਵਰਸ਼ ਦਾ ਪੜ੍ਹੋ ਇਤਿਹਾਸ ਖੂਨੀ
ਖੂਨੀ ਪੱਤਰੇ ਪਏ ਵਿਸਥਾਰ ਕਰਦੇ ।
ਅਹਿਮਦ ਸ਼ਾਹ ਅਬਦਾਲੀ ਮਹਿਮੂਦ ਗਜ਼ਨੀ
ਵਰਸ਼ਾਂ ਰਹੇ ਏਥੇ ਲੁੱਟ ਮਾਰ ਕਰਦੇ ।
ਸਿੰਘਾਂ ਤੇਗ ਉਠਾਈ ਪਰਲੋਕ ਬਾਕੀ
ਰਹੇ ਤਰਲੇ ਹਜ਼ਾਰ ਹਜ਼ਾਰ ਕਰਦੇ ।
ਰਕਮ ਮੱਸੇ ਦੀ ਸਣੇ ਵਿਆਜ ਮੋੜੀ
ਕੌਣ ਆਖਦਾ ਸਿੰਘ ਉਧਾਰ ਕਰਦੇ ?

ਜਿਨ੍ਹਾਂ ਦੇਸ ਬਚਾਇਆ ਏ ਉਨ੍ਹਾਂ ਤੇ ਕਿਉਂ
ਹਾਕਿਮ ਸਮੇਂ ਦੇ ਅੱਤਿਆਚਾਰ ਕਰਦੇ ।
ਸਾਡੀ ਕਿਸ਼ਤੀ ਤੂਫਾਨਾਂ 'ਚ ਘਿਰੀ ਹੋਈ ਹੈ
ਸੋਢੀ ਪਾਤਸ਼ਾਹ ਭਵਜਲੋਂ ਪਾਰ ਕਰਦੇ ।

ਸੋਢੀ ਪਾਤਸ਼ਾਹ ! ਅਸਾਂ ਅਜ਼ਾਦ ਹੋ ਕੇ
ਦੱਸੋ ਬਿਨਾਂ ਬੇਅਦਬੀ ਦੇ ਕੀ ਲਿਆ ਏ ?
ਹੁਣ ਨਹੀਂ ਘੜੀ ਵੀ ਜੀਣ ਨੂੰ ਜੀ ਕਰਦਾ
ਜਿੰਨਾ ਸੀ ਜੀਣਾ ਬੱਸ ਜੀ ਲਿਆ ਏ ।
ਦਾਤਾ ਤੇਰੀ ਪਰਕਰਮਾ ਦੇ ਪੱਥਰਾਂ ਤੇ
ਸਾਡਾ ਖੂਨ ਡੁਲ੍ਹਾ ਜ਼ਖਮ ਸੀ ਲਿਆ ਏ ।
ਉਹ ਖੂਨ ਨੀ ਵਾਪਸ ਪਰਤ ਸਕਦਾ
ਜਿਹੜਾ ਦਿੱਲੀ ਦੇ ਪੱਥਰਾਂ ਪੀ ਲਿਆ ਏ ।

ਜਿਹੜੇ ਜਾ ਕੇ ਮਸਾਣਾਂ ਦੇ ਵਿਚ ਸੌਂ ਗਏ
ਪੁੱਤਰ ਅੰਮੀਏ ਨੀ ਕਿਥੋਂ ਭਾਲਣੇ ਆਂ ?
ਅਸੀਂ ਸੀਨੇ 'ਚ ਗੋਲੀਆਂ ਸਦਾ ਖਾਈਏ
ਕਦੋਂ ਵੈਰੀ ਨੂੰ ਪਿੱਠ ਵਖਾਲਣੇ ਆਂ ।
ਭੱਠਾਂ ਵਿਚ ਭੁੱਜਕੇ ਜੰਡਾਂ ਨਾਲ ਸੜ ਕੇ
ਗੁਰੂ ਘਰ ਖ਼ਾਤਿਰ ਜਫਰ ਜਾਲਣੇ ਆਂ ।
ਅਸੀਂ ਉਹ ਪੰਖੇਰੂ ਹਾਂ ਗੁਰੂ ਘਰ ਦੇ,
ਬਲਦੀ ਅੱਗ 'ਚ ਜਿਨ੍ਹਾਂ ਦੇ ਆਲ੍ਹਣੇ ਆਂ ।

ਆਈ ਤੇਰੇ ਹਰਮੰਦਿਰ ਨੂੰ ਆਂਚ ਜਦ ਵੀ
ਝੱਟ ਖਾਲਸੇ ਜਾਨਾਂ ਨਿਸਾਰ ਕਰਦੇ ।
ਪੰਥ ਪਿਤਾ ਦਸ਼ਮੇਸ਼ ਦਾ ਸਾਜਿਆ ਏ
ਬੇੜੀ ਪੰਥ ਦੀ ਭਵਜਲੋਂ ਪਾਰ ਕਰਦੇ ।

ਜ਼ਾਲਮ ਰੋਜ਼ ਜੰਮਦੇ ਤਾਂ ਵੀ ਮੁੱਕ ਜਾਂਦੇ
ਸਿੰਘ ਰੋਜ਼ ਮਰਦੇ ਤਾਂ ਵੀ ਮੁੱਕਦੇ ਨਹੀਂ ।
ਜ਼ਖਮ ਦੇਸ਼ ਪੰਜਾਬ ਦੇ ਕੌਣ ਗਿਣਦਾ
ਅਗੋਂ ਭਰੀ ਜਾਂਦੇ ਪਿਛਲੇ ਸੁੱਕਦੇ ਨਹੀਂ ।
ਚੁਕਦਾ ਪੰਥ ਦਾ ਨਹੀਓਂ ਹਿਸਾਬ ਜਦ ਤੱਕ
ਅਸੀਂ ਪੁੱਤਾਂ ਦੀਆਂ ਲਾਸ਼ਾਂ ਚੁੱਕਦੇ ਨਹੀਂ ।
ਸਾਡੇ ਲਗਦੇ ਸ਼ਹੀਦਾਂ ਦੇ ਰੋਜ਼ ਮੇਲੇ
ਲੋਕ ਮਨੂੰ ਦੀ ਕਬਰ ਤੇ ਥੁੱਕਦੇ ਨਹੀਂ ।

ਰੱਬਾ ! ਸਾਂਭ ਔਰੰਗੇ ਦੀ ਫੌਜ ਸਾਰੀ
ਸਾਡੇ ਵਲ ਅਜੀਤ ਜੁਝਾਰ ਕਰਦੇ ।
ਦੁਨੀਆਂ ਵਿਚ ਤਰਥੱਲ ਮਚਾ ਦਿਆਂਗੇ
ਬੇੜੀ ਪੰਥ ਦੀ ਭਵਜਲੋਂ ਪਾਰ ਕਰਦੇ ।

ਫੁੱਟ ਕੋੜੀਆਂ ਨਾਲੋਂ ਵੀ ਵੱਧ ਕੋੜੀ
ਸਾਡੇ ਵਿਚ ਫੈਲਾ ਕੇ ਕੋੜ੍ਹ ਗਈ ਏ ।
ਲੋਹੜੀ ਕੋਈ ਵੀ ਸੁਖਾਂ ਦੀ ਲੰਘਦੀ ਨਹੀਂ
ਹਾਏ ! ਏਨਾ ਮਚਾ ਕੇ ਲੋੜ੍ਹ ਗਈ ਏ ।
ਆਪਾਂ ਕਿਹੜੇ ਵਰਿਕਸ਼ ਦੀ ਛਾਂ ਬਹੀਏ
ਪੁੱਟੀ ਸਾਡੇ ਬਗੀਚੇ ਦੀ ਬੋੜ੍ਹ ਗਈ ਏ ।

ਗੰਗਾ ਰੋੜ੍ਹਨੇ ਮੋਇਆਂ ਦੇ ਅਸਤ ਕਾਹਦੇ
ਗੰਗਾ ਜੀਉਂਦਿਆਂ ਨੂੰ ਸਾਨੂੰ ਰੋੜ੍ਹ ਗਈ ਏ ।

ਇਕੋ ਗੁਰੂ ਗ੍ਰੰਥ ਦੇ ਬਿਨਾਂ "ਸਫਰੀ"
ਅਸੀਂ ਕਿਸੇ ਨੂੰ ਨਹੀਂ ਨਮਸਕਾਰ ਕਰਦੇ ।
ਪੰਥ ਫਿਰਕਾਪ੍ਰਸਤਾ ਨੇ ਘੇਰਿਆ ਏ
ਬੇੜੀ ਪੰਥ ਦੀ ਭਵਜਲੋਂ ਪਾਰ ਕਰ ਦੇ ।

o o o

7

ਜੰਗਲ ਵਿਚ ਮੰਗਲ ਲਾਇਆ ਏ

ਸੱਤਿਗੁਰੂ ਪਿਆਰੇ ਰਾਮ ਦਾਸ
ਤੇਰਾ ਜਨਮ ਦਿਹਾੜਾ ਆਇਆ ਏ ।
ਅੰਬਰ ਨੇ ਸਾਡੀ ਧਰਤੀ ਤੇ
ਸੋਨੇ ਦਾ ਮੀਂਹ ਵਰਸਾਇਆ ਏ ।
ਜਿੱਥੇ ਹਰ ਦਮ ਅੰਮ੍ਰਿਤ ਵਰਸਾ ਤੂੰ
ਅੰਮ੍ਰਿਤਸਰ ਸ਼ਹਿਰ ਵਸਾਇਆ ਏ ।
ਅੰਮ੍ਰਿਤਸਰ ਸ਼ਹਿਰ ਵਸਾਇਆ ਕੀ
ਜੰਗਲ ਵਿਚ ਮੰਗਲ ਲਾਇਆ ਏ ।

ਇਸ ਸਰ ਵਿਚ ਨ੍ਹਾ ਕੇ ਪਿੰਗਲੇ ਦੇ
ਵੀ ਅੰਗ ਸਬੂਤੇ ਹੋ ਜਾਂਦੇ ।
ਏਥੇ ਟੁੱਬੀ ਲਾ ਕੇ ਕਊਏ ਵੀ
ਜਾ ਹੰਸਾਂ ਵਿਚ ਖਲੋ ਜਾਂਦੇ ।

ਇਹ ਹਰਮੰਦਰ ਅਕਾਲ ਤਖਤ
ਸਤਿਗੁਰੂਆਂ ਦਾ ਵਰੋਸਾਇਆ ਏ ।
ਏਥੇ ਵੇਦਾਂ ਅਤੇ ਪੁਰਾਣਾਂ ਨੇ
ਜਸ ਗੁਰੂ ਨਾਨਕ ਦਾ ਗਾਇਆ ਏ ।
ਅੱਜ ਹਰਮੰਦਰ ਦਾ ਰੋਮ ਰੋਮ
ਉਹਦੇ ਨਾਮ ਨਾਲ ਰੁਸ਼ਨਾਇਆ ਏ ।
ਅੱਜ ਏਸ ਪਵਿੱਤਰ ਧਰਤੀ ਤੇ
ਖ਼ੁਦ ਰੱਬ ਉਤਰ ਕੇ ਆਇਆ ਏ ।

ਏਥੇ ਅਕਬਰ ਕੀ, ਕੀ ਜਹਾਂਗੀਰ
ਕਿਸ ਗਿਣਤੀ ਦੇ ਵਿਚ ਆਉਂਦੇ ਨੇ ।
ਅੰਬਰ ਤੋਂ ਆਨ ਫਰਿਸ਼ਤੇ ਵੀ
ਇਸ ਦਰ ਤੇ ਸੀਸ ਨਿਵਾਉਂਦੇ ਨੇ !!

ਸ੍ਰਿਸ਼ਟੀ ਨੂੰ ਪਿਆਰ ਸਿਖਾਇਆ ਤੂੰ
ਸ੍ਰਿਸ਼ਟੀ ਦੇ ਪਿਆਰੇ ਰਾਮ ਦਾਸ ।
ਕਿਨ ਫੁੱਲ ਨਦੀ ਵਿਚ ਤਾਰੇ ਹਉ
ਤੂੰ ਪੱਥਰ ਤਾਰੇ ਰਾਮਦਾਸ ।
ਤੇਰੀ ਸ਼ਕਤੀ ਤੇ ਤੇਰੀ ਭਗਤੀ ਤੋਂ
ਜਾਵਾਂ ਬਲਹਾਰੇ ਰਾਮ ਦਾਸ ।
ਸਾਡੇ ਦੁੱਖ ਦਸਾਉਟੇ ਕੱਟੇ ਤੂੰ
ਸਾਰੇ ਦੇ ਸਾਰੇ ਰਾਮ ਦਾਸ ।

ਹਾਂ ਨੀਂਹ ਸ੍ਰੀ ਹਰਮੰਦਰ ਦੀ
ਮੀਆਂ ਮੀਰ ਤੋਂ ਗੁਰਾਂ ਰਖਾਈ ਸੀ ।
ਇਹ ਸਭ ਤੋਂ ਉੱਚੀ ਪਦਵੀ ਹੈ
ਜੋ ਮੁਸਲਮਾਨ ਨੇ ਪਾਈ ਸੀ ।

ਇਤਿਹਾਸ ਗਵਾਹ ਹੈ ਬੇਦਰਦਾ
ਸਾਡਾ ਦੁਖਦਾ ਜ਼ਖਮ ਦੁਖਾਇਆ ਏ ।
ਤਾਂ ਫੈਹਾ ਤਬੀਬਾ ਲਾਇਆ ਏ
ਪਰ ਲੂਣ ਬਰੂਰ ਕੇ ਲਾਇਆ ਏ ।
ਅੱਜ ਨਕਸ਼ਾ ਸੰਨ ਚੁਰਾਸੀ ਦਾ
ਸਾਡੀ ਨਜ਼ਰ ਸਾਹਮਣੇ ਆਇਆ ਏ ।
ਸਾਨੂੰ ਜਾਂਦੀ ਵਾਰ ਸ਼ਹੀਦਾਂ ਨੇ
ਇਹ ਵਾਕ ਮੁੱਖੋਂ ਫਰਮਾਇਆ ਏ ।

ਕੋਈ ਭੀੜ ਪਈ ਹਰਮੰਦਰ ਤੇ
ਸਾਨੂੰ ਸਿੰਘੋ ਫਿਰ ਅਜ਼ਮਾ ਲਇਓ ।
ਅਸੀਂ ਪਰਕਰਮਾ ਵਿਚ ਸੁੱਤੇ ਹਾਂ
ਸਾਨੂੰ ਠੋਕ.ਤ ਮਾਰ ਜਗਾ ਲਇਓ ।

ਗੁਰਸਿੱਖੀ ਲਈ ਸਿੱਖ ਚਰਖੜੀਆਂ
ਤੇ ਚੜ੍ਹਦੇ ਦੇਖੇ ਰਾਮਦਾਸ ।
ਪਰਵਾਨਿਆਂ ਵਾਂਗੂੰ ਸ਼ਮਾ ਤੇਰੀ ਤੇ
ਸੜਦੇ ਦੇਖੇ ਰਾਮ ਦਾਸ ।

ਜੋ ਅੜਦੇ ਦੇਖੇ ਰਾਮਦਾਂਸ
ਉਹ ਝੜਦੇ ਦੇਖੇ ਰਾਮਦਾਸ ।
ਸਿਰ ਲੱਥ ਗਏ, ਪਰ ਧੜ ਹੀ
ਕੱਲ੍ਹ ਲੜਦੇ ਦੇਖੇ ਰਾਮਦਾਸ ।

ਮੈਂ ਰੀਸ ਤੇਰੀ ਨਹੀਂ ਕਰ ਸਕਦਾ
ਇਹ ਦੀਪ ਸਿੰਘ ਆਤਾਇਆ ਏ ।
ਮੈਂ ਸਰ ਕਟਵਾਇਆ ਤਾਰੂ ਸਿੰਘ
ਤੂੰ ਕਣੂ-ਕਣੂ ਕਟਵਾਇਆ ਏ ।

ਤੇਰੀ ਅਜ਼ਮਤ ਖ਼ਾਤਿਰ ਰਾਮਦਾਸ
ਅਸੀਂ ਲੱਖ ਤਸੀਹਾ ਜਰਨਾ ਏ ।
ਜਿਨ ਲੈਣਾ ਏ ਉਨ ਦੇਣਾ ਏ
ਜਿਨ ਕਰਨਾ ਏ ਉਨ ਭਰਨਾ ਏ ।
ਦਲ ਭਾਵੇਂ ਕਿੰਨੇ ਬਣ ਗਏ ਨੇ
ਅਸੀਂ ਫ਼ਿਕਰ ਕਾਸਨੂੰ ਕਰਨਾ ਏ ।
ਇਕ ਸੱਟ ਸਿਰਾਂ ਤੇ ਵੱਜੀ ਤਾਂ
ਇਨ੍ਹਾਂ ਸਭਨਾਂ ਇੱਕ ਥਾਂ ਮਰਨਾ ਏ ।

ਇਹ ਘੁੰਮਣ ਨੇ ਜਾਂ ਕਾਹਲੋਂ ਨੇ
ਇਹ ਚੀਮੇਂ ਨੇ ਜਾਂ ਚੱਠੇ ਨੇ ।
ਹਨ ਵੱਖੋ ਵੱਖਰੇ ਵੇਖਣ ਨੂੰ
ਪਰ ਲੜਨ ਭਿੜਨ ਨੂੰ ਕੱਠੇ ਨੇ ।

ਹਰਮੰਦਰ ਢਾਉਣ ਵਾਲਿਓ
ਕੀ ਕਹਿਰ ਤੁਸਾਂ ਨੇ ਕਰਿਆ ਏ ।
ਗੁਰ ਰਾਮਦਾਸ ਗੁਰੂ ਅਰਜਨ ਨੇ
ਛਾਤੀ ਤੇ ਪੱਥਰ ਧਰਿਆ ਏ ।

ਤਾਂ ਸੁੱਖਾ ਸਿੰਘ ਮਹਿਤਾਬ ਸਿੰਘ
ਜਿਉਂਦਾ ਹੈ ਕਦ ਉਹ ਮਰਿਆ ਏ ।
ਮੱਸੇ ਦੀ ਕਬਰ ਤੋਂ ਪੁੱਛੋ ਤਾਂ
ਉਹ ਕਿਵੇਂ ਮਾਮਲਾ ਤਰਿਆ ਏ ।

ਜੀਵਨ ਵਿਚ ਸਾਡੀ ਐ ਸਫ਼ਰੀ
ਇਕ ਘੜੀ ਅਜੇਹੀ ਆਵੇਗੀ ।
ਗੁਰੂ ਰਾਮਦਾਸ ਦੇ ਚਰਨਾਂ ਤੇ
ਕੁਲ ਦੁਨੀਆਂ ਸੀਸ ਨਿਵਾਵੇਗੀ ।

o o o

8

ਬਾਬਾ ਅਟਲ ਰਾਇ !

ਤੂੰ ਬਾਬਾ ਅਟਲ ਰਾਇ ਹੈ ਜੁਗੋ ਜੁਗ ਅਟਲ ਪਾਤਸ਼ਾਹ
ਸਾਫ ਜਿਨ੍ਹੇ ਆ ਕੀਤੇ ਸਾਡੇ ਅੰਦਰ ਦੇ ਵਲ ਛਲ ਪਾਤਸ਼ਾਹ
ਕੁਲ ਮਖਲੂਕ ਨੂੰ ਆਪ ਰਿਹਾ ਹੈ ਪੱਕੀ ਪਕਾਈ ਘੱਲ ਪਾਤਸ਼ਾਹ
ਸੇਵਾ ਸਿਮਰਨ ਨੇਕ ਕਮਾਈ ਹਰ ਔਕੜ ਦਾ ਹੱਲ ਪਾਤਸ਼ਾਹ

ਕੀ ਬਾਬਾ ਅਟਲ ਰਾਇ ਤੇਰਾ ਬਚਨ ਟਾਲਿਆ ਜਾ ਸਕਦੈ ?
ਤੇਰੀ ਭਗਤੀ ਤੇ ਸ਼ਕਤੀ ਦਾ ਅੱਜ ਕੌਣ ਅੰਦਾਜ਼ਾ ਲਾ ਸਕਦੈ ?

ਸੜਦੀ ਧਰਤੀ ਸ਼ੀਤਲ ਹੋ ਗਈ ਤੂੰ ਮਿਹਰਾਂ ਦਾ ਮੀਂਹ ਵਰਸਾਇਆ
ਪੰਜ ਬਾਣੀਆਂ ਪੜ੍ਹਕੇ ਪੰਜਾਂ ਦੂਤਾਂ ਨੂੰ ਤੂੰ ਮਾਰ ਭਜਾਇਆ
ਬਾਲ ਉਮਰ ਵਿਚ ਕੌਤਕ ਕੀਤੇ ਕੁਲ ਜ਼ਮਾਨਾ ਦੇਖਣ ਆਇਆ
ਗੁਰ ਨਾਨਕ ਦੀ ਗੱਦੀ ਦਾ ਤੂੰ ਅੰਬਰ ਤੀਕਰ ਨਾਮ ਪਹੁੰਚਾਇਆ

ਤੇਰੇ ਚੋਜ ਨਿਆਰੇ ਬਾਬਾ ਲੀਲਾ ਤੇਰੀ ਬੜੀ ਨਿਆਰੀ
ਤੇਰੇ ਚਰਨਾਂ ਉੱਤੇ ਝੁਕ ਗਈ ਇਕ ਦਮ ਆਨ ਸ੍ਰਿਸ਼ਟੀ ਸਾਰੀ

ਹਰ ਹਿਰਦੇ ਵਿਚ ਚਾਨਣ ਤੇਰਾ ਜੱਗ ਤੇ ਜੋਤ ਨਿਆਰੀ ਹੈਂ ਤੂੰ
ਮੁੱਕ ਸਕਦੇ ਭੰਡਾਰ ਨੀ ਤੇਰੇ ਸ਼ਿਵ ਭੋਲਾ ਭੰਡਾਰੀ ਹੈਂ ਤੂੰ
ਹਰ ਗੋਬਿੰਦ ਦੀ ਜੋਤੀ ਹੈਂ ਤੂੰ ਗੁਰ ਨਾਨਕ ਨਿਰੰਕਾਰੀ ਹੈਂ ਤੂੰ
ਜੋ ਸ਼ਕਤੀ ਗੁਰ ਅਰਜਨ ਵਿਚ ਹੈ ਉਹ ਸਾਰੀ ਦੀ ਸਾਰੀ ਹੈਂ ਤੂੰ

ਤਪੀ ਤਪੀਸਰ ਅਪਣਾ ਆਪਾ ਤੇਰੇ ਰੰਗ ਵਿਚ ਰੰਗ ਰਹੇ ਨੇ
ਕਈ ਫਰਿਸ਼ਤੇ ਤੇਰੇ ਦਰ ਤੋਂ ਜੂਠੇ ਟੁਕੜੇ ਮੰਗ ਰਹੇ ਨੇ !!

ਨੌ ਮੰਜਲਾਂ ਤੇਰਾ ਉੱਚਾ ਮੰਦਰ ਤੇਰੀ ਉੱਚੀ ਸ਼ਾਨ ਹੈ ਬਾਬਾ
ਹਰ ਮੰਦਰ ਅਕਾਲ ਤਖ਼ਤ ਵੀ ਤੀਰਥ ਇਕ ਮਹਾਨ ਹੈ ਬਾਬਾ
ਮੁਰਦਾ ਜੀਉਂਦਾ ਕਰਨਾ ਤੇਰੇ ਲਈ ਗੱਲ ਆਸਾਨ ਹੈ ਬਾਬਾ
ਗੁਰ ਦੁਆਰਾ ਦੀਪ ਸਿੰਘ ਦਾ ਇਹ ਸਿੰਘਾਂ ਦੀ ਆਨ ਹੈ ਬਾਬਾ

ਗੁਰ ਅਰਜਨ ਨੇ ਇਸ ਧਰਤੀ ਤੇ ਸੀ ਅੰਮ੍ਰਿਤ ਦਾ ਮੀਂਹ ਵਰਸਾਇਆ
ਤੇ ਭਾਈ ਗੁਰਦਾਸ ਦੇ ਕੋਲੋਂ ਪੂਰਾ ਗੁਰੂ ਗ੍ਰੰਥ ਲਿਖਾਇਆ ।

ਸ਼ੀਸ਼ੇ ਵਰਗੇ ਬਣਕੇ ਬੈਠੋ ਗੁਰ ਚਰਨਾਂ ਵਿਚ ਆ ਕੇ ਸਿੰਘੋ
ਪਾਕ ਪਵਿੱਤਰ ਅੰਮ੍ਰਿਤ ਦੇ ਵਿਚ ਉਜਲੇ ਹੋ ਜਾਉ ਨ੍ਹਾ ਕੇ ਸਿੰਘੋ
ਕਿਉਂ ਕੌਮ ਦਾ ਦਲੀਆ ਕੀਤਾ ਬਹੁਤੇ ਦਲ ਬਣਾ ਕੇ ਸਿੰਘੋ
ਜੇ ਕੌਮ ਲਈ ਕੁਝ ਨੀ ਕਰਨਾ ਮਰ ਜਾਵੋ ਕੁਝ ਖਾ ਕੇ ਸਿੰਘੋ

ਜੇ 'ਸਫਰੀ' ਜੀ ਏਕਾ ਕਰਕੇ ਘਰ ਦੀ ਫੁੱਟ ਮਿਟਾ ਨੀ ਸਕਦੇ
ਬਾਬਾ ਜੀ ਦੇ ਅਸਲੀ ਸੇਵਕ ਸਿੰਘੋ ਤੁਸੀਂ ਕਹਾ ਨੀ ਸਕਦੇ ।

o o o

9

ਛੇਵੇਂ ਪਾਤਸ਼ਾਹ ਹਰਗੋਬਿੰਦ ਸਾਹਿਬ

ਛੇਵੇਂ ਪਾਤਸ਼ਾਹ ਹਰ ਗੋਬਿੰਦ ਸਾਹਿਬ
ਸੁਭ ਜਨਮ ਵਡਾਲੀ 'ਚ ਧਾਰਿਆ ਏ
ਮਾਤਾ ਗੰਗਾ ਤੇ ਪੰਜਵੇਂ ਪਾਤਸ਼ਾਹ ਨੇ
ਬੁੱਕ ਲਾਲਾਂ ਦਾ ਲਾਲ ਤੋਂ ਵਾਰਿਆ ਏ
ਇਹ ਉਹ ਨਾਨਕ ਦੀ ਗੱਦੀ ਹੈ ਜਿਹਨੇ ਆ ਕੇ
ਡੁਬਦੇ ਹੋਏ ਜ਼ਮਾਨੇ ਨੂੰ ਤਾਰਿਆ ਏ
ਜਿਹਨੇ ਨਾਮ ਦੀ ਠੰਡੀ ਫੁਹਾਰ ਪਾ ਕੇ
ਏਸ ਜਗਤ ਜਲੰਦੇ ਨੂੰ ਠਾਰਿਆ ਏ

ਜਿਹਨੇ ਜ਼ਾਲਮ ਸਰਕਾਰ ਨੂੰ ਖ਼ਤਮ ਕਰਨਾ
ਉਹ ਮੋਤੀਆਂ ਵਾਲੀ ਸਰਕਾਰ ਆਈ
ਪਤਝੜਾਂ ਹਮੇਸ਼ਾ ਲਈ ਖ਼ਤਮ ਹੋਈਆਂ
ਸਾਡੇ ਬਾਗਾਂ 'ਚ ਨਵੀਂ ਬਹਾਰ ਆਈ !!

ਛੇਵੇਂ ਨਾਨਕ ਦੀ ਜੋਤ ਨੂੰ ਪ੍ਰਿਥੀਏ ਨੇ
ਧਰਤੀ ਉਤੋਂ ਮਿਟਾਉਣ ਦਾ ਜਤਨ ਕੀਤਾ
ਕਾਲਾ ਫਨੀਅਰ ਲੜਾਉਣ ਦਾ ਯਤਨ ਕੀਤਾ
ਚੋਰੀ ਜ਼ਹਿਰ ਪਿਲਾਉਣ ਦਾ ਯਤਨ ਕੀਤਾ
ਮਿਹਰਬਾਨ ਨੂੰ ਹਰ ਗੋਬਿੰਦ ਦੀ ਥਾਂ
ਗੱਦੀ ਉਤੇ ਬਿਠਾਉਣ ਦਾ ਯਤਨ ਕੀਤਾ
ਬਾਬੇ ਬੁੱਢੇ ਨੇ ਦੀਪ ਜਲਾਏ ਜਿਹੜੇ
ਉਹਨਾਂ ਤਾਈਂ ਬੁਝਾਉਣ ਦਾ ਯਤਨ ਕੀਤਾ

ਬਾਲਕ ਗੁਰੂ ਦਾ ਹੋਇਆ ਨਾ ਵਾਲ ਵਿੰਗਾ
ਰੋਝੇ ਪਾਪ ਦਾ ਪੈ ਨਾ ਮੁੱਲ ਸਕਿਆ
ਨੇਕੀ ਸਾਹਮਣੇ ਬਦੀ ਦਾ ਮੂੰਹ ਕਾਲਾ
ਝੂਠ ਸੱਚ ਬਰਾਬਰ ਨਾ ਤੁਲ ਸਕਿਆ

ਗੁਰੂ ਸਾਹਿਬ ਨੇ ਗੱਦੀ ਤੇ ਬਹਿੰਦਿਆਂ ਹੀ
ਇਕ ਬਹੁਤ ਵੱਡਾ ਚਮਤਕਾਰ ਕੀਤਾ
ਸਿੱਖ ਕੌਮ ਨੂੰ ਪੂਰਾ ਸੰਗਠਨ ਕਰਕੇ
ਇਕ ਸ਼ਕਤੀ ਦਾ ਇਕੱਠਾ ਭੰਡਾਰ ਕੀਤਾ
ਅਕਾਲ ਤਖ਼ਤ ਦੀ ਸਿਰਜਣਾ ਆਪ ਕੀਤੀ
ਲੋਹ ਗੜ੍ਹ ਦਾ ਕਿਲ੍ਹਾ ਤਿਆਰ ਕੀਤਾ
ਜਹਾਂਗੀਰ ਦੇ ਮਜ਼੍ਹਬੀ ਜਨੂਨ ਬਾਬਤ
ਸਿੱਖ ਸੰਗਤਾਂ ਨੂੰ ਖ਼ਬਰਦਾਰ ਕੀਤਾ ।

ਭਗਤੀ ਨਾਲ ਸ਼ਕਤੀ ਵੀ ਜ਼ਰੂਰ ਚਾਹੀਏ
ਕਰ ਸ਼ਕਤੀ ਕੀ ਦਾ ਕੀ ਸਕਦੀ ?
ਸੇਲ੍ਹੀ ਟੋਪੀ ਸਮਾਲ੍ਹ ਕੇ ਪਰ੍ਹਾਂ ਕਰ ਦਉ
ਕੌਮ ਖੰਡੇ ਬਗੈਰ ਨੀ ਜੀ ਸਕਦੀ !!

ਵਧਦੀ ਦੇਖ ਤਾਕਤ ਛੇਵੇਂ ਪਾਤਸ਼ਾਹ ਦੀ
ਜਹਾਂਗੀਰ ਡਰਿਆ ਤੇ ਘਬਰਾਉਣ ਲੱਗਾ
ਗੁਰੂ ਹਰ ਗੋਬਿੰਦ ਨੂੰ ਪਕੜਨੇ ਦੇ
ਵੱਡੇ ਵੱਡੇ ਵਸੀਲੇ ਬਣਾਉਣ ਲੱਗਾ
ਗੁਰੂ ਅਰਜਨ ਦਾ ਮੈਨੂੰ ਬਕਾਇਆ ਮੋੜੋ
ਪਿਆ ਹੁਕਮ ਤੇ ਹੁਕਮ ਚੜ੍ਹਾਉਣ ਲੱਗਾ
ਬੰਦੀ ਖਾਨੇ ਗਵਾਲੀਅਰ ਬੰਦ ਕਰਕੇ
ਗੁਰੂ ਸਾਹਿਬ ਨੂੰ ਈਨਾਂ ਮਨਾਉਣ ਲੱਗਾ

ਮੀਆਂ ਮੀਰ ਤੇ ਨੂਰ ਜਹਾਨ ਸਦਕਾ
ਜਹਾਂਗੀਰ ਤੇ ਏਨਾ ਦਾਬਾ ਪੈ ਗਿਆ
ਗੁਰੂ ਸਾਹਿਬ ਤੇ ਬਵੰਜਾ ਰਾਜਿਆਂ ਨੂੰ
ਬਿਨਾ ਸ਼ਰਤ ਦੇ ਕਰਨਾ ਰਿਹਾ ਪੈ ਗਿਆ

ਜਹਾਂਗੀਰ ਮਗਰੋ ਸ਼ਾਹ ਜਹਾਨ ਉਠਿਆ
ਕਹਿੰਦਾ ਰੂਹ ਮੇਰੀ ਤਲਮਲਾ ਰਹੀ ਐ
ਅਸੀਂ ਨਾਨਕ ਦੀ ਸਿਖੀ ਨੂੰ ਖਤਮ ਕਰਨੈ
ਸਿਖੀ ਹੋਰ ਅਗੋਂ ਵਧਦੀ ਜਾ ਰਹੀ ਐ
ਜਗ੍ਹਾ ਜਗ੍ਹਾ ਪੰਜਾਬ ਵਿਚ ਸਿੱਖ ਸੈਨਾ
ਬਿਫਰੇ ਸ਼ੇਰ ਵਾਂਗੂੰ ਦੰਨਦਨਾ ਰਹੀ ਐ
ਮੰਦਰ ਇਕ ਨਹੀਂ ਅਸਾਂ ਤੋਂ ਢਾ ਹੋਇਆ
ਲਗ ਸਾਡੀ ਹਕੂਮਤ ਨੂੰ ਢਾ ਰਹੀ ਐ

ਹੁਣੇ ਹਣੇ ਡਮਟਾਲੇ ਤੋਂ ਖਬਰ ਆਈ
ਬਾਗੀ ਗੁਰੂ ਨਾ ਥਮਿਆਂ ਜਾਏਗਾ ਇਹ
ਅੱਜ ਬਾਜ ਨੂੰ ਪਾਇਆ ਹੈ ਹੱਥ ਇਹਨੇ
ਕਲ ਤਾਜ ਨੂੰ ਵੀ ਹੱਥ ਪਾਏਗਾ ਇਹ

ਅੰਮ੍ਰਿਤਸਰ ਕਰਤਾਰਪੁਰ ਹਰਗੋਬਿੰਦਪੁਰ
ਸਿੰਘਾਂ ਜੰਗ ਨਥਾਣੇ ਦੇ ਛੇੜ ਦਿਤੇ
ਤਿਆਗ ਮਲ ਜੀ ਇਸ ਤਰ੍ਹਾਂ ਤੇਗ ਵਾਹੀ
ਮੁਗ਼ਲ ਸੈਨਾ ਦੇ ਪੈਰ ਉਖੇੜ ਦਿੱਤੇ
ਮਖ਼ਲਸ ਖ਼ਾਂ ਗੁਲਾਮ ਰਸੂਲ ਹੈਦਰ
ਕਾਲੇ ਖਾਂ ਦੇ ਕਜੀਏ ਨਬੇੜ ਦਿੱਤੇ
ਬਿਧੀ ਚੰਦ ਤੇ ਬਾਬਾ ਗੁਰਦਿਤਾ ਜੀ ਨੇ
ਮੁਗਲ ਸੈਨਾ ਦੇ ਬਖੀਏ ਉਧੇੜ ਦਿੱਤੇ

ਅਗੇ ਜਿਹੜਾ ਵੀ ਮੁਗਲ ਜਰਨੈਲ ਵਧਿਆ
ਆ ਕੇ ਖੰਡੇ ਦੇ ਥਲੇ ਲਾਤਾੜ ਹੋ ਗਿਆ
ਛੇਵੇਂ ਸਤਿਗੁਰਾਂ ਗੁੱਸੇ 'ਚ ਵਾਰ ਕੀਤਾ
ਪੈਦੇ ਖਾਂ ਦਾ ਜੁੱਸਾ ਦੋ ਫਾੜ ਹੋ ਗਿਆ

ਛੇਵੇਂ ਪਾਤਸ਼ਾਹ ਦਾ ਪਰਉਪਕਾਰ ਸਿੰਘੋ
ਜੁੱਗਾਂ ਤੀਕ ਭੁਲਾਇਆ ਨੀ ਜਾ ਸਕਦਾ
ਗਾੜ੍ਹਾ ਖ਼ੂਨ ਸ਼ਹੀਦਾਂ ਜੋ ਡੋਲ੍ਹਿਆ ਏ
ਤੁਬਕਾ ਇੱਕ ਵੀ ਜਾਇਆ ਨੀ ਜਾ ਸਕਦਾ
ਜਿਹੜਾ ਦੀਪ ਜਗਾਇਆ ਏ ਸਤਿਗੁਰਾਂ ਨੇ

ਜੁੱਗਾਂ ਤੀਕ ਬੁਝਾਇਆ ਨੀ ਜਾ ਸਕਦਾ
'ਸਫਰੀ' ਕੋਹ ਹਿਮਾਲਾ ਤਾਂ ਦੱਬ ਸਕਦਾ
ਸਿੱਖ ਪੰਥ ਦਬਾਇਆ ਨੀ ਜਾ ਸਕਦਾ

ਜੇ ਕਰ ਕੌਮ ਦੇ ਵਿਚ ਸੰਗਠਨ ਹੋ ਜਾਏ
ਤਾਕਤ ਕਿਉਂ ਨਾ ਦੂਣ ਸਵਾਈ ਹੋਵੇ
'ਸਫਰੀ' ਹਰਗੋਬਿੰਦ ਦੇ ਜਨਮ ਦਿਨ ਦੀ
ਸਾਧ ਸੰਗਤ ਨੂੰ ਲੱਖ ਲੱਖ ਵਧਾਈ ਹੋਵੇ ।

○ ○ ○

10

ਜਹਾਂਗੀਰ ਦੀ ਚਿੰਤਾ ਤੇ ਹੁਕਮਨਾਮਾ

ਬੇਗਮ—

ਜਹਾਂਗੀਰ ਸ਼ਹਿਨਸ਼ਾਹ ਹੁਕਮ ਕੀਤਾ
ਛੋਟੇ ਹਾਕਮੋਂ ਹੁਕਮ ਵਜਾਇਆ ਜਾਵੇ
ਛੇਵੇਂ ਪਾਤਸ਼ਾਹ ਹਰਗੋਬਿੰਦ ਜੀ ਨੂੰ
ਛੇਤੀ ਪਕੜ ਕੇ ਬੰਦੀ ਬਣਾਇਆ ਜਾਵੇ
ਅਰਜਨ ਵਲ ਵੀ ਸਾਡਾ ਬਕਾਇਆ ਬਣਦਾ
ਇਹ ਵਸੂਲ ਲਾਹੌਰ ਪਹੁੰਚਾਇਆ ਜਾਵੇ
ਸਿੱਖ ਸੈਨਾ ਵੀ ਇਹਨੇ ਤਿਆਰ ਕੀਤੀ
ਤੁਰਤ ਉਹਦਾ ਵੀ ਕੀਤਾ ਸਫਾਇਆ ਜਾਵੇ

ਪੱਲੇ ਕੱਖ ਨਹੀ ਅਦਨਾ ਫਕੀਰ ਹੁੰਦਿਆਂ
ਬਾਦਸ਼ਾਹਾਂ ਦੇ ਠਾਠ ਬਣਾਈ ਫਿਰਦਾ
ਬਹਿ ਕੇ ਤਖਤ ਅਕਾਲ ਦੇ ਤਖਤ ਉਤੇ
ਹਰਦਮ ਅਪਣਾ ਹੁਕਮ ਚਲਾਈ ਫਿਰਦਾ

ਸੁਣਿਆ ਦੋ ਤਲਵਾਰਾਂ ਵੀ ਪਹਿਨ ਲਈਆਂ
ਬਿਨਾਂ ਗੁਰੂ ਜੀ ਦੇ ਹੋਰ ਪਾਉਂਦਾ ਕੁਈ ਨੀ
ਘੋੜੇ ਕੀਮਤੀ ਉਹਨੂੰ ਹਰ ਰੋਜ਼ ਚੜ੍ਹਦੇ
ਜਹਾਂਗੀਰ ਦੀ ਭੇਟ ਚੜ੍ਹਾਉਂਦਾ ਕੁਈ ਨੀ
ਸੱਚਾ ਪਾਤਸ਼ਾਹ ਓਸ ਨੂੰ ਲੋਕ ਕਹਿੰਦੇ
ਸਾਨੂੰ ਝੂਠਾ ਵੀ ਕਹਿ ਕੇ ਬੁਲਾਉਂਦਾ ਕੁਈ ਨੀ

ਅੰਮ੍ਰਿਤਸਰ ਇਨਸਾਫ ਲਈ ਲੋਕ ਆਉਂਦੇ
ਸਾਨੂੰ ਦੁੱਖ ਸੁਣਾਉਣ ਲਈ ਆਉਂਦਾ ਕੁਈ ਨੀ

ਮੀਆ ਮੀਰ ਵੀ ਇਹਦੀ ਹਮੈਤ ਕਰਦਾ
ਇੱਕ ਬਾਤ ਅਨੋਖੀ ਬਣਾਈ ਗਈ ਏ
ਸੁਣਿਆਂ ਨੀਂਹ ਹਰਮੰਦਰ ਦੀ ਇੱਕ ਮੋਮਨ
ਮੀਆਂ ਮੀਰ ਦੇ ਕੋਲੋਂ ਰਖਾਈ ਗਈ ਏ

ਬੇਗਮ ਸ਼ਾਹ ਦੀ ਨੂਰ ਜਹਾਨ ਬੋਲੀ
ਚੋਖੇ ਸਮੇਂ ਤੋਂ ਮੇਰੀ ਜ਼ਬਾਨ ਬੰਦ ਏ
ਬੰਦੀ ਖਾਨੇ 'ਚ ਬੰਦ ਨਹੀਂ ਗੁਰੂ ਕੱਲਾ
ਭਾਰਤ ਵਰਸ਼ ਦੇ ਸਿੱਖਾਂ ਦੀ ਜਾਨ ਬੰਦ ਏ
ਮੁਗਲ ਰਾਜ ਦੀ ਜਿਹਨੇ ਤਬਾਹੀ ਬਣਨਾ
ਬੰਦ ਕਿਲ੍ਹੇ 'ਚ ਜਿਹੜਾ ਤੂਫਾਨ ਬੰਦ ਏ
ਸਜਦੇ ਕਿਉਂ ਨਾ ਕਰਾਂ ਗਵਾਲੀਅਰ ਨੂੰ
ਓਸ ਕਿਲ੍ਹੇ 'ਚ ਮੇਰਾ ਕੁਰਆਨ ਬੰਦ ਏ

ਕਰਕੇ ਗੁਰੂ ਨੂੰ ਕੈਦ ਸ਼ਹਿਨਸ਼ਾਹਾ
ਇਹ ਤੂੰ ਬੜਾ ਹੀ ਕਹਿਰ ਗੁਜ਼ਾਰਿਆ ਏ
ਮੀਆਂ ਮੀਰ ਦੀ ਛਾਤੀ 'ਚ ਬੇਦਰਦਾ
ਖੰਜਰ ਦੰਦ ਕਰੀਚ ਕੇ ਮਾਰਿਆ ਏ !

ਗੁਰੂ ਅਰਜਨ ਨੂੰ ਜਿਹੜੇ ਤਸੀਹੇ ਦਿਤੇ
ਉਹ ਤਾਂ ਖਿੜੇ ਮੱਥੇ ਸਿਰ ਤੇ ਸਹਿ ਗਿਆ ਏ
ਇੱਕੋ ਰੱਬ ਦੀ ਅਸੀਂ ਮਖ਼ਲੂਕ ਸਾਰੀ
ਨਾਨਕ ਅਪਣੀ ਬਾਣੀ 'ਚ ਕਹਿ ਗਿਆ ਏ
ਪਾਈ ਗੁਰੂ ਅਰਜਨ ਉਤੇ ਰੇਤ ਤੱਤੀ
ਲਹੂ ਸੜ ਗਿਆ ਮਾਸ ਵੀ ਲਹਿ ਗਿਆ ਏ
ਵੱਲ ਗੁਰਾਂ ਦੇ ਦੱਸ ਖਾਂ ਸ਼ਹਿਨਸ਼ਾਹਾ
ਤੇਰਾ ਹੋਰ ਬਕਾਇਆ ਕੀ ਰਹਿ ਗਿਆ ਏ ?

ਨਾਨਕ ਤਾਈਂ ਜ਼ਮਾਨਾ ਹੀ ਪੂਜਦਾ ਹੈ
ਰਹਿੰਦੇ ਰੋਜ਼ ਫਰਿਸ਼ਤੇ ਨੇ ਯਾਦ ਕਰਦੇ

ਫਿਟਕਾਂ ਪਾਏਗਾ ਕੁਲ ਸੰਸਾਰ. ਨਹੀਂ ਤਾਂ
ਛੇਵੇਂ ਸਤਿਗੁਰੂ ਤਾਈਂ ਆਜ਼ਾਦ ਕਰਦੇ

ਨੂਰਾਂ ਨੂਰ ਜੰਹਾਨ ਹੈ ਨਾਂ ਤੇਰਾ .
ਮੇਰੇ ਅੱਗੇ ਤਾਂ ਨੇਰ੍ਹ ਲਿਆ 'ਤਾ ਏ
ਛੇਵੇਂ ਗੁਰਾਂ ਨੂੰ ਕਿਦਾਂ ਆਜ਼ਾਦ ਕਰਦਾਂ
ਬੜਾ ਮੁਸ਼ਕਲ ਸਵਾਲ ਤੂੰ ਪਾ 'ਤਾ ਏ
ਕਾਜ਼ੀ ਰੁਸਤਮ ਖਾਂ ਦੀ ਧੀ ਕੌਲਾਂ
ਗੁਰਾਂ ਉਹਨੂੰ ਵੀ ਉਲਟ ਪੜ੍ਹਾ 'ਤਾ ਏ
ਉਹਨੂੰ ਕਲਮਾ ਪੜ੍ਹਾਉਣ ਦੀ ਥਾਂ ਸਾਰਾ
ਜਪੁਜੀ ਸਾਹਿਬ ਹੀ ਕੰਠ ਕਰਾ 'ਤਾ ਏ

ਲੋਹਗੜ੍ਹ ਦਾ ਕਿਲ੍ਹਾ ਪ੍ਰਤੀਕ ਪੱਕਾ
ਗੁਰੂ ਹੋਰ ਵੀ ਕਿਲ੍ਹੇ ਉਸਾਰ ਦਏਗਾ
ਏਸੇ ਤਰ੍ਹਾਂ ਜੇ ਰਹੀ ਹਨੇਰ ਗਰਦੀ
ਜੰਦੇ ਸਾਡੀ ਹਕੂਮਤ ਨੂੰ ਮਾਰ ਦਏਗਾ !!

ਬੇਗਮ ਫੇਰ ਬੋਲੀ ਐ ਸ਼ਹਿਨਸ਼ਾਹਾ
ਸੱਚੀ ਗਲ ਨਿਖਾਰਨ ਨੂੰ ਜੀ ਕਰਦਾ
ਗੁਰਾਂ ਸੱਚ ਦਾ ਕਿਲ੍ਹਾ ਉਸਾਰਿਆ ਏ
ਤੇਰਾ ਝੂਠੇ ਉਸਾਰਨ ਨੂੰ ਜੀ ਕਰਦਾ
ਕੌਲਾਂ ਜਪੁਜੀ ਪੜ੍ਹੇਂਦੀ ਏ ਇੱਕ ਮੇਰਾ
ਸਾਰੀ ਬਾਣੀ ਉਚਾਰਨ ਨੂੰ ਜੀ·ਕਰਦਾ
ਸੱਚ ਪੁੱਛੇ ਤਾਂ ਗੁਰਾਂ ਦੇ ਚਰਨ ਕੰਵਲੀਂ
ਸਾਰੀ ਉਮਰ ਗੁਜ਼ਾਰਨ ਨੂੰ ਜੀ ਕਰਦਾ

ਗੁਰੂ ਅਰਜਨ ਪਿਆਰੇ ਦੀ ਬਾਦਸ਼ਾਹਾ !
ਮਹਿਮਾਂ ਸਾਰੇ ਜ਼ਮਾਨੇ 'ਚ ਗਾਈ ਗਈ ਏ
ਗੁਰੂ ਗ੍ਰੰਥ ਪਿਆਰੇ 'ਚ ਮੈਂ ਸੁਣਿਆਂ
ਮੁਸਲਮਾਨ ਦੀ ਬਾਣੀ ਵੀ ਪਾਈ ਗਈ ਏ

ਨੇਕ ਬੇਗਮ ਦੀ ਨੇਕ ਦਲੀਲ ਸੁਣਕੇ
ਜਹਾਂਗੀਰ ਡਾਢਾ ਪਸ਼ੇਮਾਨ ਹੋਇਆ

ਕੈਦ ਕੀਤਾ ਏ ਹਰ ਗੋਬਿੰਦ ਜੀ ਨੂੰ
ਮੈਥੋਂ ਬੇਗਮੇਂ ਪਾਪ ਮਹਾਨ ਹੋਇਆ
ਨੂਰਾਂ ਮੈਨੂੰ ਹਕੀਕਤ ਦਾ ਰਾਹ ਦੱਸਿਆ
ਤੇਰਾ ਮੇਰੇ ਤੇ ਵੱਡਾ ਅਹਿਸਾਨ ਹੋਇਆ
ਆਹ ਲੈ ਰਾਜੇ ਬਵੰਜਾ ਵੀ ਛੱਡਦਾ ਹਾਂ
ਮੇਰਾ ਅੱਜ ਤੋਂ ਨਵਾਂ ਫੁਰਮਾਨ ਹੋਇਆ

ਅੰਮ੍ਰਿਤਸਰ ਜਲਾਈ ਗਈ ਦੀਪ ਮਾਲਾ
ਤੇ ਬਾਜ਼ਾਰ ਸਾਰੇ ਰੌਸ਼ਨਾ ਰਹੇ ਨੇ
ਸਫਰੀ ਖ਼ਾਲਸੇ ਗੁਰੂ ਗੋਬਿੰਦ ਸਿੰਘ ਦੇ
ਬੱਬਰ ਸ਼ੇਰ ਵਾਂਗੂੰ ਦਨਦਨਾ ਰਹੇ ਨੇ ।

o o o

11

ਚਾਨਣ ਜੱਗ ਦਾ ਕਿੱਥੇ ਛੁਪਾ ਲਿਆ ਏ ?

ਦਿੱਲੀ ਸ਼ਹਿਰ ਦੇ ਚਾਨਣੀ ਚੌਕ ਅੰਦਰ
ਡਾਢਾ ਜ਼ਾਲਮਾਂ ਜ਼ੁਲਮ ਕਮਾ ਲਿਆ ਏ
ਗੁਰੂ ਤੇਗ ਬਹਾਦਰ ਨੂੰ ਕੈਦ ਕਰਕੇ
ਬੂਹੇ ਜੰਦਾ ਜਨੂਨ ਦਾ ਲਾ ਲਿਆ ਏ
ਪਾਈ ਜ਼ਿੰਦਗੀ ਜਿਹਤੋਂ ਫਰਿਸ਼ਤਿਆਂ ਨੇ
ਉਹਨੂੰ ਮੌਤ ਦੇ ਮੂੰਹ 'ਚ ਪਾ ਲਿਆ ਏ
ਚੰਨ ਪੁੱਛਦਾ ਚਾਨਣੀ ਚੌਕ ਕੋਲੋਂ
ਚਾਨਣ ਜੱਗ ਦਾ ਕਿੱਥੇ ਛੁਪਾ ਲਿਆ ਏ

ਖਾ ਕੇ ਸੱਲ ਮਨੁੱਖਤਾ ਤੜਫ ਉੱਠੀ
ਮੰਦੇ ਹਾਲ ਅਜ ਚਾਨਣੀ ਚੌਕ ਦੇ ਨੇ
ਆਉਂਦੀ ਹੋਈ ਆਜ਼ਾਦੀ ਦੇ ਰਾਹਾਂ ਉਤੇ
ਆਸ਼ਕ ਜਿਗਰ ਦਾ ਖ਼ੂਨ ਤਰੌਂਕਦੇ ਨੇ

ਤੰਗ ਪਿੰਜਰੇ ਗੁਰਾਂ ਨੂੰ ਬੰਦ ਕਰਕੇ
ਕਹਿਰਵਾਨ ਇਹ ਕਹਿਰ ਕਮਾਉਣ ਲੱਗੇ
ਕਰਦਾ ਦੀਨ ਕਬੂਲ ਜਾਂ ਮੌਤ ਚਾਹੁਨੈ
ਪਏ ਹੁਕਮ ਤੇ ਹੁਕਮ ਚੜ੍ਹਾਉਣ ਲੱਗੇ
ਨੌਵੇਂ ਪਾਤਸ਼ਾਹ ਅਗੋਂ ਜਵਾਬ ਦਿਤਾ
ਐਵੇਂ ਵਿਤਕਰੇ ਕਾਹਨੂੰ ਹੋ ਪਾਉਣ ਲੱਗੇ
ਗੁਰੂ ਨਾਨਕ ਨੇ ਸਬਕ ਪੜ੍ਹਾਇਆ ਜਿਹੜਾ
ਅਸੀਂ ਉਹਨੂੰ ਨੀ ਕਦੇ ਭੁਲਾਉਣ ਲੱਗੇ

ਮੈਂ ਕਿਸੇ ਨੂੰ ਭੈ ਨੀ ਦੇਣਾ ਚਾਹੁੰਦਾ
ਨਾ ਹੀ ਕਿਸੇ ਦਾ ਭੈ ਮੈਂ ਮੰਨਣਾ ਏਂ
ਭਾਂਡਾ ਜ਼ੁਲਮ ਦਾ ਜਿਹੜਾ ਸਰਕਾਰ ਚੁੱਕਿਆ
ਦੇ ਕੇ ਸੀਸ ਚੁਰਾਹੇ 'ਚ ਭੰਨਣਾ ਏਂ

ਮੈਂ ਰਾਮ ਤਾਂ ਤੂੰ ਰਹੀਮ ਜਪਨੈਂ
ਏਸ ਤਰਜ਼-ਬਿਆਨੀ 'ਚ ਫਰਕ ਕੀ ਐ
ਮੇਰੀ ਮਾਲਾ ਤੇ ਤੇਰੀ ਤਕਦੀਰ ਤਸਵੀ
ਏਸ ਮਜ਼੍ਹਬੀ ਨਿਸਾਨੀ 'ਚ ਫਰਕ ਕੀ ਐ
ਮੈਂ ਹਿੰਦੂ ਹੀ ਰਹਾਂ ਤਾਂ ਫਰਕ ਕੀ ਐ
ਤੇਰੀ ਮੁਸਲਿਮ ਈਮਾਨੀ 'ਚ ਫਰਕ ਕੀ ਐ
ਬੀਬੀ ਫਾਤਮਾ ਬੇਟੀ ਰਸੂਲ ਦੀ ਤੇ
ਮਾਤਾ ਦੁਰਗਾ ਭਵਾਨੀ 'ਚ ਫਰਕ ਕੀ ਐ

ਅਸੀਂ ਰਹੀਏ ਨਾ ਰਹੀਏ ਬੇਸ਼ਕ ਜ਼ਾਲਮ
ਜ਼ੁਲਮ ਸਿਤਮ ਦਾ ਭੋਰਾ ਨੀ ਰਹਿਣ ਦੇਣਾ
ਅਪਣੀ ਮਰਜ਼ੀ ਨਾ ਕੋਈ ਬੇਸ਼ਕ ਲਾਹ ਲਏ
ਬਦੋ ਬਦੀ ਜਨੇਊ ਨੀ ਲਹਿਣ ਦੇਣਾ

ਕਿਹਾ ਖ਼ੂਨੀ ਜਲਾਦਾਂ ਨੇ ਗੁਰੂ ਜੀ ਨੂੰ
ਤੈਨੂੰ ਮੰਨਣਾ ਪੈਣਾ ਫਰਮਾਨ ਸਾਡਾ
ਜੇ ਨਾ ਸਾਡੀ ਸ਼ਰੀਅਤ ਦੇ ਵਿਚ ਆਇਓਂ
ਕਦੋਂ ਬਖਸ਼ੇਗਾ ਤੈਨੂੰ ਕੁਰਾਨ ਸਾਡਾ
ਕਲਮਾ ਪੜ੍ਹ ਰਸੂਲ ਦਾ ਵੇਖ ਅੱਗੋਂ
ਕਿੰਨਾ ਹੁੰਦਾ ਏ ਕੰਮ ਆਸਾਨ ਸਾਡਾ
ਬੇੜਾ ਹਿੰਦੋਸਤਾਨ 'ਚ ਕੱਖ ਨਹੀਂ ਗਾ
ਦੇਣ ਦਾਰ ਹੈ ਹਿੰਦੋਸਤਾਨ ਸਾਡਾ

ਗੁਰਾਂ ਆਖਿਆ ਤੇਰਿਆਂ ਦਾਬਿਆਂ ਦੇ
ਥੱਲੇ ਜ਼ਾਲਮਾਂ ਕਦੇ ਮੈਂ ਦੱਬਣਾ ਨਹੀਂ
ਸਾਡਾ ਰਹੇਗਾ ਸਦਾ ਨਸ਼ਾਨ ਝੂਲਦਾ
ਮੁਗ਼ਲ ਸ਼ਾਹੀ ਨੇ ਟੋਲਿਆਂ ਲਭਣਾ ਨਹੀਂ

ਕੀ ਦੇਖਿਆ ਕਿ ਮਤੀ ਦਾਸ ਤਾਈਂ
ਖੱਲੇ ਆਰੇ ਦੇ ਚੀਰਿਆ ਜਾ ਰਿਹਾ ਏ
ਆਰਾ ਖੋਪਰੀ ਹੀ ਨਿਰੀ ਚੀਰਦਾ ਨਹੀਂ
ਚੀਰੇ ਮੁਗ਼ਲ ਹਕੂਮਤ ਨੂੰ ਪਾ ਰਿਹਾ ਏ
ਉਬਲ ਰਿਹਾ ਦਿਆਲਾ ਵੀ ਦੇਗ ਅੰਦਰ
ਸਤੀ ਰੂਈ 'ਚ ਜਿੰਦ ਜਲਾ ਰਿਹਾ ਏ
ਬਲੀਦਾਨ ਕੰਮਾਲ ਹੈ ਸਤਿਗੁਰ ਦਾ
ਮੁਰਦਾ ਧਰਮ ਨੂੰ ਫੇਰ ਜਵਾ ਲਿਆ ਏ
ਗੁਰੂ ਤੇਗ ਬਹਾਦਰ ਨੇ ਸੀਸ ਦੇ ਕੇ
ਸਾਰਾ ਹਿੰਦੋਸਤਾਨ ਬਚਾ ਲਿਆ ਏ ।

o o o

12

ਤੇਗ਼ ਬਹਾਦਰ ਕਿੱਤ ਵਲ ਤੁਰ ਪਏ !!

ਤੇਗ਼ ਬਹਾਦਰ ਕਿੱਤ ਵੱਲ ਤੁਰ ਪਏ
ਹੱਥੇਲੀ ਤੇ ਸੀਸ ਟਕਾਈ
ਕਿਓਂ ਕਸ਼ਮੀਰ ਦੇ ਕੋਲੇ ਹੋ ਗਏ
ਕਿਨ ਕਲੀਆਂ ਤੇ ਅੱਗ ਵਰ੍ਹਾਈ
ਤਿਲਕ ਗਏ ਕਿਉਂ ਤਿਲਕ ਮੱਥਿਉਂ
ਕਿਉਂ ਜੰਜੂਆਂ ਨੇ ਜਾਨ ਗੁਆਈ
ਮੰਦਰ ਦੇ ਵਿਚ ਹਨੂੰਮਾਨ ਦੀ
ਸੂਰਤ ਤੱਕ ਨਜ਼ਰ ਨੀ ਆਈ
ਫੁੱਟ ਫੁੱਟ ਰੋਏ ਦੁਖੀ ਬ੍ਰਾਹਮਣ
ਲੇਖ ਮੱਥੇ ਦੇ ਫੁੱਟ ਚੁੱਕੇ ਨੇ
ਟੁੱਟ ਜਾਂਦੀ ਜਿਉਂ ਵੰਗ ਬਲੌਰੀ
ਇਉਂ ਹੌਂਸਲੇ ਟੁੱਟ ਚੁੱਕੇ ਨੇ ।

ਦਿੱਲੀ ਪਹੁੰਚੇ ਤੇਗ਼ ਬਹਾਦਰ
ਕਸ਼ਟ ਤੇ ਕਸ਼ਟ ਉਠਾਉਂਦੇ ਪਏ ਨੇ
ਤੰਗ ਜਹੇ ਪਿੰਜਰੇ ਵਿਚ ਬੈਠੇ
ਨਾਨਕ ਨਾਨਕ ਗਾਉਂਦੇ ਪਏ ਨੇ
ਸਤੀ, ਮਤੀ ਤੇ ਭਾਈ ਦਿਆਲਾ
ਪੂਰਾ ਸਾਥ ਨਿਭਾਉਂਦੇ ਪਏ ਨੇ
ਤੇਗ਼ ਬਹਾਦਰ ਆਪਣੇ ਮੁੱਖੋਂ
ਕਾਤਲ ਨੂੰ ਫਰਮਾਉਂਦੇ ਪਏ ਨੇ
ਜਬਰ ਕਿਸੇ ਦੇ ਧਰਮ ਤੇ ਕਰਨਾ

ਇਸ ਦਾ ਨੇਕੀ ਨਾਮ ਨਹੀਂ ਹੈ.
ਕਿਸੇ ਪੈਗੰਬਰ ਅਰਸ਼ੋਂ ਆਂਦਾ
ਇਹੁ ਜੇਹਾ ਪੈਗਾਮ ਨਹੀਂ ਹੈ ?

ਰੱਬ ਵਸੇਂਦਾ ਨਹੀਂ ਜਿਹਦੇ ਵਿਚ
ਕੋਈ ਐਸਾ ਇਨਸਾਨ ਤਾਂ ਦੱਸੋ ?
ਇੱਕ ਬਰਾਬਰ ਸਭਨਾਂ ਦੇ ਵਿਚ
ਜੇ ਨੀ ਹੈਗੀ ਜਾਨ ਤਾਂ ਦੱਸੋ ?
ਕੋਈ ਮਾਲਾ ਦੇ ਮਣਕੇ ਕਰਦੇ
ਤਸਵੀ ਦਾ ਨੁਕਸਾਨ ਤਾਂ ਦੱਸੋ ?
ਰਾਮ ਦਾ ਸੁਣਕੇ ਨਾਮ ਕਦੇ ਜੇ
ਚਿੜ੍ਹਦਾ ਹੈ ਰਹਿਮਾਨ ਤਾਂ ਦੱਸੋ ?
ਮੱਕੇ ਜਾਵੇ, ਕਾਸ਼ੀ ਜਾਵੇ
ਕਿਸੇ ਨੂੰ ਕੋਈ ਹਟਾ ਨੀ ਸਕਦਾ
ਤਾਕਤ ਤੇ ਤਲਵਾਰ ਨਾਲ
ਕੋਈ ਅਪਣਾ ਮਜ਼੍ਹਬ ਫੈਲਾ ਨੀ ਸਕਦਾ ?

ਤੇਗ ਬਹਾਦਰ ਜੀ ਦੇ ਸਿਰ ਤੇ
ਜਦ ਕਾਤਿਲ ਨੇ ਤੇਗ ਉਭਾਰੀ
ਧਰਤੀ ਹੇਠੋਂ ਧੌਲ ਖਿਸਕਿਆ
ਕੰਬ ਗਈ ਪ੍ਰਕ੍ਰਿਤੀ ਸਾਰੀ
ਹੋ ਗਿਆ ਸੀਸ ਅਲਹਿਦਾ ਤਨ ਤੋਂ
ਸਤਿਗੁਰ ਖੇਡੀ ਖੇਡ ਨਿਆਰੀ
ਤੇਗ ਬਹਾਦਰ ਅਮਰ ਹੋ ਗਏ
ਲਹੂਆਂ ਦੇ ਲੱਦ ਗਏ ਵਪਾਰੀ
ਮੈਂ ਨੀ ਕਹਿਣਾ ਚਾਹੁੰਦਾ ਪੰਡਤਾ
ਪਰ ਕਹਿਣੋਂ ਵੀ ਰਹਿ ਨੀ ਸਕਦਾ
ਸੀਸ ਗੁਰਾਂ ਦਾ ਲਹਿ ਸਕਦਾ ਪਰ
ਤੱਗ ਤੇਰਾ ਹੁਣ ਲਹਿ ਨੀ ਸਕਦਾ

ਓ ਜਲਾਦੋ ! ਕਤਲਗਾਹ ਵਲ
ਕਦਮ ਵਧਾਉ ਜਲਦੀ ਜਲਦੀ
ਮਤੀ ਦਾਸ ਦੇ ਤਨ ਤੇ ਆਰਾ

ਯਾਰ ਚਲਾਉ ਜਲਦੀ ਜਲਦੀ
ਜਲਦੀ ਜਲਦੀ ਰੂਈ ਵਿਚ ਇਕ
ਜਿੰਦ ਜਲਾਉ ਜਲਦੀ ਜਲਦੀ
ਐਹ ਉਬਲਦੀ ਦੇਗ ਦੇ ਵਿਚ ਵੀ
ਅੱਗ ਮਚਾਉ ਜਲਦੀ ਜਲਦੀ
ਹੁਣ ਜੀਣੇ ਦੀ ਲੋੜ ਨਹੀ ਹੈ
ਮਰਨ ਆਏ ਸੀ ਮਰ ਚੁੱਕੇ ਨੇ
ਸੁੱਖ ਮਨੀ ਦਾ ਪਾਠ ਸੰਪੂਰਨ
ਮਰਨ ਤੋਂ ਪਹਿਲਾਂ ਕਰ ਚੁੱਕੇ ਨੇ

o o o

13

ਮੱਖਣ ਸ਼ਾਹ ਲੁਬਾਣਾ

ਮੱਖਣ ਸ਼ਾਹ ਲੁਬਾਣਾ ਸੀ ਇਕ ਗੁਰ ਨਾਨਕ ਦਾ ਅਨਨ ਪੁਜਾਰੀ
ਸੇਵਾ ਵਿਚ ਤੇ ਸਿਮਰਨ ਵਿਚ ਹੀ ਸੀ ਓਸ ਨੇ ਉਮਰ ਗੁਜ਼ਾਰੀ
ਤੇਗ ਬਹਾਦਰ ਜੀ ਦੀ ਬਾਣੀ ਨਹੀਂ ਸੀ ਓਸ ਨੇ ਕਦੇ ਵਸਾਰੀ
ਦੂਰ ਦੂਰ ਤਕ ਮਸ਼ਹੂਰ ਸੀ ਉਹ ਭਾਰਤ ਦਾ ਬੜਾ ਵਪਾਰੀ

ਇੱਕ ਸਮੇਂ ਉਨ ਜਿਗਰਾ ਕਰਕੇ ਏਨਾ ਅਪਨਾ ਵਣਜ ਵਧਾਇਆ
ਘਰ ਦਾ ਕੁਲ ਖਜ਼ਾਨਾ ਉਸ ਨੇ ਮਾਲ ਖਰੀਦਣ ਉਤੇ ਲਾਇਆ

ਬੰਦਰਗਾਹ ਤੋਂ ਭਰ ਕੇ ਬੇੜਾ ਜਦੋਂ ਸਮੁੰਦਰ ਦੇ ਵਿਚ ਪਾਇਆ
ਅਚਨਚੇਤ ਤੂਫ਼ਾਨ ਆ ਗਿਆ ਮੱਖਣ ਸ਼ਾਹ ਡਰਿਆ ਘਬਰਾਇਆ
ਤੇਗ ਬਹਾਦਰ ਜੀ ਨੂੰ ਉਸ ਨੇ ਬੜਾ ਸਿਮਰਿਆ ਬੜਾ ਧਿਆਇਆ
ਦਾਤਾ ਮੈਂ ਕੁਝ ਖਾ ਕੇ ਮਰ ਜਾਊਂ ਜੇ ਨਾ ਮਾਲ ਕਨਾਰੇ ਲਾਇਆ

ਜੇ ਦਾਤਾ ਮੈਂ ਸਫਲ ਹੋ ਗਿਆ ਤੇਰਾ ਲੱਖ ਲੱਖ ਸ਼ੁਕਰ ਮਨਾਊਂ
ਪਹੁੰਚ ਬਕਾਲੇ ਤੇਰੇ ਦਰ ਤੇ ਪੰਜ ਸੌ ਮੋਹਰਾਂ ਭੇਟ ਚੜ੍ਹਾਊਂ

ਸਤਿਗੁਰ ਦੀ ਖੁਲ੍ਹ ਗਈ ਸਮਾਧੀ ਪਲਕਾਂ ਪੱਟੀਆਂ ਖਿਆਲ ਦੁੜਾਇਆ
ਮੱਖਣ ਸ਼ਾਹ ਦਾ ਡੁਬਦਾ ਬੇੜਾ ਵਿਚ ਸਮੁੰਦਰ ਨਜਰੀਂ ਆਇਆ
ਨਾਵੇਂ ਨਾਨਕ ਤੇਗ ਬਹਾਦਰ ਅਪਣੇ ਮੁੱਖੋਂ ਇਹ ਫੁਰਮਾਇਆ
ਕਿਸ ਨੇ ਆਹ ਦਾ ਨਾਅਰਾ ਲਾਇਆ ਕਿਸ ਨੇ ਮੇਰਾ ਤਖਤ ਹਲਾਇਆ

ਗੁਰ ਨਾਨਕ ਦੇ ਦਰੋਂ ਕਿਸੇ ਨੂੰ ਹਰਗਿਜ਼ ਨੀ ਇਨਕਾਰ ਹੋਏਗਾ
ਲੱਖਾਂ ਬੇੜੇ ਤਰ ਗਏ ਏਥੇ ਇਹ ਬੇੜਾ ਵੀ ਪਾਰ ਹੋਏਗਾ

ਮੱਖਣ ਸ਼ਾਹ ਲਬਾਣੇ ਦਾ ਸੀ ਨਿਹਚਾ ਗੁਰੂ ਪਿਆਰੇ ਉੱਤੇ
ਖਤਰਨਾਕ ਤੂਫਾਨ ਚੋਂ ਤਾਹੀਓਂ ਲਗਾ ਪੂਰ ਕਨਾਰੇ ਉੱਤੇ
ਐ ਸਤਿਗੁਰ ਨੂੰ ਰਹਿਮ ਕਰੇਨਾ ਹਰ ਜੀਵ ਦੁਖਿਆਰੇ ਉੱਤੇ
ਜਿਹਦਾ ਕੋਈ ਸਹਾਰਾ ਨਹੀਓਂ ਜੀਉਂਦਾ ਤੇਰੇ ਸਹਾਰੇ ਉੱਤੇ

ਤੇਗ ਬਹਾਦਰ ਮੋਢਾ ਡਾਹਿਆ ਬੇੜਾ ਬਿਲਕੁਲ ਪਾਰ ਹੋ ਗਿਆ
ਮੱਖਣ ਸ਼ਾਹ ਦਾ ਸੜਦਾ ਬਲਦਾ ਹਿਰਦਾ ਠੰਢਾ ਠਾਰ ਹੋ ਗਿਆ

ਮੱਖਣ ਸ਼ਾਹ ਬਕਾਲੇ ਪਹੁੰਚਾ ਅਪਣਾ ਫਰਜ਼ ਨਿਭਾਵਣ ਲੱਗਾ
ਬਾਈ ਮੰਜੀਆਂ ਜਦੋਂ ਦੇਖੀਆਂ ਹਰ ਮੰਜੀ ਵਲ ਜਾਵਣ ਲੱਗਾ
ਪੰਜ ਸੌ ਦੀ ਥਾਂ ਪੰਜ ਪੰਜ ਮੋਹਰਾਂ ਸਭ ਦੀ ਭੇਟ ਚੜ੍ਹਾਵਣ ਲੱਗਾ
ਸਤਿਗੁਰ ਆਪੇ ਪਰਗਟ ਹੋ ਜਾਊ ਕਈ ਕਿਆਫੇ ਲਾਵਣ ਲੱਗਾ

ਬਾਈਆਂ ਦੀ ਜਦ ਪੂਜਾ ਹੋ ਗਈ ਮੱਖਣ ਸ਼ਾਹ ਜ਼ਬਾਨੋਂ ਕਹਿੰਦਾ
ਕਿਨ ਨੀ ਮੋਹਰਾਂ ਲਈਆਂ ਮੈਥੋਂ ਕਿਹੜਾ ਸਾਧ ਬਕਾਇਆ ਰਹਿੰਦਾ

ਹਾਂ ! ਰਹਿੰਦਾ ਇਕ ਸੰਤ ਭੋਰੇ ਵਿਚ ਆਪਣੀ ਉਮਰ ਹੰਢਾਉਂਦਾ ਹੈ ਉਹ
ਸਾਦ ਮੁਰਾਦੇ ਕਪੜੇ ਪਾਉਂਦਾ ਤੇਗਾ ਨਾਮ ਧਰਾਉਂਦਾ ਹੈ ਉਹ
ਭੋਰੇ ਵਿਚ ਹੀ ਬੈਠਾ ਬੈਠਾ ਸੁੰਨ ਸਮਾਧੀ ਲਾਉਂਦਾ ਹੈ ਉਹ
ਚੁੰਮਣ ਕਦਮ ਫਰਿਸ਼ਤੇ ਆਉਂਦੇ ਜਦੋਂ ਬਾਹਰ ਨੂੰ ਆਉਂਦਾ ਹੈ ਉਹ

ਭੋਰੇ ਵਿਚ ਵੀ ਮੱਖਣ ਸ਼ਾਹ ਨੇ ਪੰਜ ਕੁ ਮੋਹਰਾਂ ਜਾ ਟਕਾਈਆਂ
ਜਾਣੀ ਜਾਣ ਸਤਿਗੁਰੂ ਬੋਲੇ ਕੀ ਕਰ ਚਲਿਆਂ ਓ ਚਤਰਾਈਆਂ

ਗਲ ਵਿਚ ਪਰਨਾ ਪਾਇਆ ਹੁਣ ਤੂੰ ਪਰਨ ਨਿਭਾ ਕੇ ਤੁਰ ਚਲਿਆ ਏਂ
ਪੰਜ ਸੌ ਮੋਹਰਾਂ ਸੁਖੀਆਂ ਸੀ ਤੂੰ ਪੰਜ ਟਕਾ ਕੇ ਤੁਰ ਚਲਿਆ ਏ
ਗੁਰ ਨਾਨਕ ਦੀ ਗੱਦੀ 'ਨਾ ਵੀ ਧ੍ਰੋਹ ਕਮਾ ਕੇ ਤੁਰ ਚਲਿਆ ਏਂ
ਓ ਬੇਅਦਬਾ ! ਓ ਬੇਕਦਰਾ ਕਦਰ ਕੀ ਪਾ ਕੇ ਤੁਰ ਚਲਿਆ ਏਂ

ਦਿਲ ਦੇਖੇ ਪਰ ਤੇਰੇ ਦਿਲ ਦੇ ਵਾਂਗ ਸੂਮ ਮੈਂ ਦਿਲ ਨੀ ਦੇਖੇ
ਔਹ ਪਰਸੋਂ ਦੇ ਚੁਭੇ ਹੋਏ ਕੰਡ ਮੇਰੀ ਵਿਚ ਕਿਲ ਨੀ ਦੇਖੇ ?

ਡੁੱਬਾ ਬੇੜਾ ਤਰਿਆ ਤੇਰਾ ਆਹ ਚੁੱਕ ਕਿਤੇ ਡੁਬਾ ਦੇ ਮੋਹਰਾਂ
ਬੈਠੇ ਬਾਹਰ ਪਖੰਡੀ ਜਿਹੜੇ ਉਨ੍ਹਾਂ ਦੀ ਭੇਟ ਚੜ੍ਹਾ ਦੇ ਮੋਹਰਾਂ
ਗਿਲਾ ਕੋਈ ਨੀ ਓ ਗੁਰ ਸਿਖਾ ਜਿੱਥੇ ਲਗਦੀਆਂ ਲਾ ਦੇ ਮੋਹਰਾਂ
ਸਹੀ ਸੰਤ ਕੋਈ ਲਭਦਾ ਹੈ ਤਾਂ ਚਰਨਾਂ ਵਿਚ ਵਛਾ ਦੇ ਮੋਹਰਾਂ

ਗੁਰ ਨਾਨਕ ਦੇ ਘਰ ਵਿਚ ਸਿੱਖਾ ਕਿਸੇ ਵਸਤ ਦੀ ਥੋੜ ਨਹੀਂ ਹੈ
ਏਥੇ ਤਾਂ ਇਕ ਸ਼ਰਧਾ ਚਾਹੀਏ ਮੋਹਰਾਂ ਦੀ ਕੋਈ ਲੋੜ ਨਹੀਂ ਹੈ

ਮੱਖਣ ਸ਼ਾਹ ਲੁਬਾਣਾ ਜਿਸਨੇ ਅਸਲ ਗੁਰੂ ਦਾ ਦਰਸ਼ਨ ਪਾਇਆ
ਗੁਰ ਲਾਧੋ ਰੇ ਗੁਰ ਲਾਧੋ ਰੇ ਕੋਠੇ ਚੜ੍ਹ ਕੇ ਸ਼ੋਰ ਮਚਾਇਆ
ਦੂਰ ਦੂਰ ਤੋਂ ਸੰਗਤ ਆਈ ਜਗ੍ਹਾ ਜਗ੍ਹਾ ਦੀਵਾਨ ਸਜਾਇਆ
ਸ਼ਹਿਰ ਬਕਾਲੇ ਦੀ ਧਰਤੀ ਤੇ ਰੱਬ ਉਤਰ ਕੇ ਆਪੂੰ ਆਇਆ

ਧਰਮ ਦੇ ਦੋਖੀ ਹਮਲੇ ਕਰਦੇ ਹਰ ਹਮਲਾ ਨਾਕਾਮ ਰਹੇਗਾ
ਸਤਿਗੁਰ ਤੇਗ਼ ਬਹਾਦਰ ਜੀ ਦਾ ਸਫ਼ਰੀ ਜਦ ਤਕ ਨਾਮ ਰਹੇਗਾ ।

o o o

14

੧ੴ ਸਤਿਗੁਰ ਪ੍ਰਸਾਦਿ

ਸੂਰਾ ਸੋ ਪਹਿਚਾਨੀਏ ਜੋ ਲਰੇ ਦੀਨ ਕੇ ਹੇਤ
ਪੁਰਜਾ-ਪੁਰਜਾ ਕਟ ਮਰੈ, ਕਬਹੂੰ ਨ ਛਾਡੈ ਖੇਤ

ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਭੰਗਾਣੀ ਦਾ ਭਿਆਨਕ ਯੁੱਧ :

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਪਹਾੜੀ ਰਾਜਿਆਂ ਵਿਚਕਾਰ, ਸੰਨ ਈਸਵੀ 1685

ਸਿੱਖ ਸੰਗਤਾਂ ਗਾਇਨ ਕਰ ਰਹੀਆਂ ਹਨ,

ਖ਼ੁਦ ਪਿਤਾ ਦਸਮੇਸ਼ ਨੇ ਹੱਥੀਂ ਸਜਾਇਆ ਖ਼ਾਲਸਾ
ਤੇ ਖੰਡੇ ਦੀ ਧਾਰ ਵਿਚੋਂ ਪ੍ਰਗਟਾਇਆ ਖ਼ਾਲਸਾ

ਤੇਗ਼ ਜੀ ਦੀ ਓਟ ਲੈ ਤੇਗ਼ਾਂ ਚਲਾਈਆਂ ਖ਼ਾਲਸੇ
ਜ਼ਾਲਮਾਂ ਤੋਂ ਬੱਧੀਆਂ ਵੱਗਾਂ ਛੁਡਾਈਆਂ ਖ਼ਾਲਸੇ
ਜਦ ਵੀ ਆਇਆ ਵਤਨ ਦੇ ਹੀ ਕੰਮ ਆਇਆ ਖ਼ਾਲਸਾ
ਖ਼ੁਦ ਪਿਤਾ ਦਸਮੇਸ਼ ਨੇ ਹੱਥੀਂ ਸਜਾਇਆ ਖ਼ਾਲਸਾ

ਨਵੀਂ ਤੋਂ ਵੀ ਨਵੀਂ ਆਫਤ ਖ਼ਾਲਸੇ ਤੇ ਆਈ ਏ
ਨਾ ਹੀ ਡੋਲੀ ਕੌਮ ਸਾਡੀ ਨਾ ਜ਼ਰਾ ਘਬਰਾਈ ਏ
ਸ਼ੇਰ ਵਾਂਗੂੰ ਜੰਗਲਾਂ ਵਿਚ ਦੰਨਦਨਾਇਆ ਖ਼ਾਲਸਾ
ਖ਼ੁਦ ਪਿਤਾ ਦਸਮੇਸ਼ ਨੇ ਹੱਥੀਂ ਸਜਾਇਆ ਖ਼ਾਲਸਾ

ਖ਼ਾਲਸੇ ਦਾ ਦਿਲੋਂ ਆਪਣੇ ਵਤਨ ਦੇ ਨਾਲ ਪਿਆਰ ਹੈ
ਢਾਲ ਹੈ ਮਜ਼ਲੂਮ ਲਈ ਜ਼ਾਲਮ ਲਈ ਤਲਵਾਰ ਹੈ

ਗਿਆ ਤਾਹੀਉਂ ਜ਼ੁਲਮ ਦਾ ਕਰਦਾ ਸਫਾਇਆ ਖ਼ਾਲਸਾ
ਖ਼ੁਦ ਪਿਤਾ ਦਸਮੇਸ਼ ਨੇ ਹੱਥੀਂ ਸਜਾਇਆ ਖ਼ਾਲਸਾ

ਲੱਖ ਆਈਆਂ ਆਫਤਾਂ ਇਹ ਖ਼ਾਲਸਾ ਨਹੀਂ ਡੋਲਿਆ
ਫਤਿਹ ਦਾ ਹੀ ਬੋਲ ਸਫਰੀ ਖ਼ਾਲਸੇ ਨੇ ਬੋਲਿਆ
ਖ਼ੂਨ ਦਿਤਾ ਖ਼ਾਲਸੇ ਤਾਹੀਉਂ ਕਹਾਇਆ ਖ਼ਾਲਸਾ
ਖ਼ੁਦ ਪਿਤਾ ਦਸਮੇਸ਼ ਨੇ ਹੱਥੀਂ ਸਜਾਇਆ ਖ਼ਾਲਸਾ

ਸਾਹਿਬ ਗੁਰੂ ਗੋਬਿੰਦ ਸਿੰਘ ਦੀ ਵਧਦੀ ਤਾਕਤ ਨੂੰ ਦੇਖ ਕੇ ਬਾਈਧਾਰ ਦੇ ਰਾਜਿਆਂ ਆਪਣੇ ਰਾਜ ਲਈ ਖ਼ਤਰੇ ਦੀ ਘੰਟੀ ਸਮਝਿਆ ਤੇ ਆਲਮਗੀਰ ਔਰੰਗਜ਼ੇਬ ਨੂੰ ਇਕ ਸਾਂਝਾ ਪੱਤਰ ਲਿਖਿਆ ।

ਬਾਈ ਧਾਰ ਦੇ ਰਾਜਿਆਂ ਮਿਲ ਮਤਾ ਪਕਾਇਆ
ਛੇਤੀ ਹੀ ਸਿੱਖ ਕੌਮ ਦਾ ਕਰ ਦਿਉ ਸਫਾਇਆ

ਲਿਖ ਔਰੰਗਜ਼ੇਬ ਨੂੰ ਇਕ ਪੱਤਰ ਪਾਇਆ
ਜਾਂਦਾ ਗੁਰੂ ਗੋਬਿੰਦ ਸਿੰਘ ਅੰਬਰ ਤੇ ਛਾਇਆ

ਜੇ ਸ਼ਾਹਾਂ ਸਿੱਖ ਕੌਮ ਨੂੰ ਨਾ ਗਿਆ ਦਬਾਇਆ
ਹੱਥ ਤੁਹਾਡੇ ਰਾਜ ਨੂੰ ਪਾਇਆ ਕਿ ਪਾਇਆ

ਰਣਜੀਤ ਨਗਾਰਾ ਖ਼ਾਲਸੇ ਹਰ ਜਗ੍ਹਾ ਵਜਾਇਆ
ਨੀਵੇਂ ਨੀਵੇਂ ਸ਼ੂਦਰਾਂ ਨੂੰ ਨਾਲ ਮਿਲਾਇਆ

ਹਾਥੀ, ਘੋੜੇ, ਫੌਜ ਰੋਅਬ ਹੈ ਦੂਣ ਸਵਾਇਆ
ਬੜਾ ਨਿਰਾਲਾ ਦਸਮ ਪਿਤਾ ਨੇ ਪੰਥ ਚਲਾਇਆ

ਰਣ ਵਿਚ ਲੜਦਾ ਖ਼ਾਲਸਾ ਭੁੱਖਾ ਤ੍ਰਿਹਾਇਆ
ਹਰ ਇੱਕ ਸਿੰਘ ਨੇ ਤਲੀ ਤੇ ਹੈ ਸੀਸ ਟਕਾਇਆ

ਓ 'ਸਫਰੀ' ਰਲਕੇ ਰਾਜਿਆਂ ਨੇ ਜ਼ੋਰ ਲਗਾਇਆ
ਪਰ ਈਨਾਂ ਮੂਲ ਨੀ ਮੰਨਦਾ ਗੁਜਰੀ ਦਾ ਜਾਇਆ !!

ਔਰੰਗਜ਼ੇਬ ਨੇ ਪੱਤਰ ਪੜ੍ਹਿਆ । ਅੱਖਾਂ ਗੁੱਸੇ ਵਿਚ ਆ ਕੇ ਅੱਗ ਦੇ ਚੰਗਿਆੜੇ ਛੱਡਣ ਲੱਗ ਪਈਆਂ । ਭੀਮ ਚੰਦ ਭੰਗਾਣੀ ਨੂੰ ਗੁਰੂ ਸਾਹਿਬ ਦੇ ਵਿਰੁੱਧ ਜੰਗ ਲਈ

ਤਿਆਰ ਕਰ ਲਿਆ, ਪਰ ਔਰੰਗਜ਼ੇਬ ਦੀ ਬੇਟੀ ਜ਼ੇਬੁਲਨੁਸਾ ਪਿਤਾ ਨੂੰ ਅਜਿਹਾ ਕਰਨ ਤੋਂ ਰੋਕਦੀ ਹੈ ।

ਸੁਣੋ ਸੁਣੋ ਅੱਬਾ ਜਾਨ
ਮੇਰਾ ਆਖਰੀ ਬਿਆਨ
ਸਾਰਾ ਦੇਖ ਲਉ ਅੱਬਾ ਜੀ ਟਿੱਲ ਲਾ ਕੇ
ਗੁਰਾਂ ਨੇ ਨਹੀਓਂ ਈਨ ਮੰਨਣੀ
ਲੜੋ ਆਪ ਵੀ ਮੈਦਾਨ ਵਿਚ ਜਾਂ ਕੇ
ਗੁਰਾਂ ਨੇ ਨਹੀਓਂ ਈਨ ਮੰਨਣੀ

ਤੁਸੀਂ ਦਸਮੇਸ਼ ਪਿਤਾ ਤਾਈਂ ਨਹੀਂ ਪਛਾਣਿਆਂ
ਗੁਰੂ ਜਾਣੀ ਜਾਣ ਨਾ ਤੁਹਾਥੋਂ ਗਿਆ ਜਾਣਿਆਂ
ਉਹ ਤਾਂ ਮਾਰਦਾ ਪਾਪੀ ਨੂੰ ਪਟਕਾ ਕੇ
ਗੁਰਾਂ ਨੇ ਨਹੀਓਂ ਈਨ ਮੰਨਣੀ

ਪਿਤਾ ਦਸਮੇਸ਼ ਗੁਰੂ ਨਾਨਕ ਦਾ ਨੂਰ ਹੈ
ਤੁਸਾਂ ਦੀ ਸਮਝ ਤੋਂ ਇਹ ਗੱਲ ਬੜੀ ਦੂਰ ਹੈ
ਮੈਂ ਵੀ ਦੇਖਿਆ ਤੁਸਾਂ ਨੂੰ ਅਜ਼ਮਾ ਕੇ
ਗੁਰਾਂ ਨੇ ਨਹੀਓਂ ਈਨ ਮੰਨਣੀ

ਉਹ ਗੁਰੂ ਜਿਹਨੇ ਘਾਟਾ ਵਾਧਾ ਨੀ ਵਿਚਾਰਿਆ
ਜਿਹਦੇ ਪਿਤਾ ਸੀਸ ਜਾ ਕੇ ਦਿੱਲੀ ਵਿਚ ਵਾਰਿਆ
ਲੈਣਾ 'ਸਫ਼ਰੀ' ਕੀ ਵੈਰ ਨੂੰ ਵਧਾ ਕੇ
ਗੁਰਾਂ ਨੇ ਨਹੀਓਂ ਈਨ ਮੰਨਣੀ

ਔਰੰਗਜ਼ੇਬ ਆਪਣੀ ਧੀ ਦੇ ਜਜ਼ਬਾਤ ਨੂੰ ਸਮਝ ਨਾ ਸਕਿਆ ਤੇ ਕਈ ਹਜ਼ਾਰਾਂ ਦੀ ਗਿਣਤੀ ਵਿਚ ਪਹਾੜੀ ਸੈਨਾ ਭੰਗਾਣੀ ਦੀ ਜੰਗ ਵਿਚ ਝੋਕ ਦਿੱਤੀ ।

ਫੌਜਾਂ ਆਮ੍ਹੋ ਸਾਮ੍ਹਣੇ ਆ ਜੁੱਟੀਆਂ ਵਿਚ ਮੈਦਾਨ
ਤੇ ਭੀਮ ਚੰਦ ਭੰਗਾਣੀਆਂ ਜਿਹਨੂੰ ਸੀ ਤਾਕਤ ਤੇ ਮਾਣ

ਤੇ ਰਾਜਾ ਸ਼ਹਿਰ ਕਟੋਚ ਦਾ ਸੀ ਡਾਢਾ ਬੇਈਮਾਨ
ਬੰਦੂਕਾਂ ਲੈ ਕੇ ਅਪੜੇ ਰਣ ਭੂਮੀ ਵਿਚ ਸ਼ੈਤਾਨ

ਬੁੱਧੂ ਸ਼ਾਹ ਰਣ ਵਿਚ ਆ ਗਿਆ ਇਕ ਹੱਥ ਪਕੜ ਸ਼ਮਸ਼ੀਰ
ਉਹ ਸ਼ਰਧਾਲੂ ਦਸਮੇਸ਼ ਦਾ ਉਹ ਨੇਕੀ ਦੀ ਤਸਵੀਰ

ਉਹਦੇ ਖੱਬੇਂ ਹੱਥ ਵਿਚ ਢਾਲ ਤੇ ਹੱਥ ਸੱਜੇ ਵਿਚ ਸ਼ਮਸ਼ੀਰ
ਉਹਦੇ ਨੈਣੀ ਭਾਂਬੜ ਮੱਚਦੇ ਉਹਦਾ ਮੁਖੜਾ ਬੇ ਨਜ਼ੀਰ

ਉਹਦੇਂ ਅੜਦਾ ਉਹੀਓ ਸਾਹਮਣੇ ਜਿਹਦੀ ਫੁੱਟ ਗਈ ਤਕਦੀਰ
ਉਹਦੇ ਸੱਤ ਸੌ ਚੇਲੇ ਆ ਗਏ ਉਹਦੇ ਪਿਛੇ ਘੱਤ ਵਹੀਰ

ਉਹਦੇ ਪੰਜੇ ਪੁੱਤਰ ਆ ਗਏ ਜੋ ਚੋਟੀ ਦੇ ਬਲਵੀਰ
ਉਹ ਕਰਦੇ ਜਾਂਦੇ ਦੁਸ਼ਮਨਾਂ ਦੇ ਦਲਾਂ ਨੂੰ ਲੀਰੋ ਲੀਰ

ਉਥੇ ਰਾਜੇ ਮਾਰਨ ਹੂਕਰਾਂ ਤੇ ਤੜਫਨ ਪਏ ਵਜ਼ੀਰ
ਅੱਜ ਬਾਈਧਾਰ ਦੇ ਰਾਜਿਓ ਤੁਹਾਡਾ ਆ ਗਿਆ ਵਕਤ ਅਖੀਰ

ਓਥੇ ਲੋਥਾਂ ਰਣ ਵਿਚ ਡਿਗੀਆਂ ਸੈ ਮੁਰਦਾ ਪਏ ਸਰੀਰ
ਜਿਉਂ ਕੋਠਾ ਢੈ ਗਿਆ ਅਰਸ਼ ਦਾ ਤੇ ਖਿਲਰੇ ਪਏ ਸ਼ਤੀਰ

ਦਸਮੇਸ਼ ਦੇ ਤੀਰਾਂ ਸਾਹਮਣੇ ਸਭ ਦੁਸ਼ਮਣ ਹੋ ਗਏ ਤੀਰ
ਸਾਡਾ ਰਾਖਾ ਸਫ਼ਰੀ ਸੀਸ ਤੇ ਹੈ ਸਤਿਗੁਰ ਗਹਿਰ ਗੰਭੀਰ ।

ਦੂਨੀ ਚੰਦ ਹੰਡੂਰਦਾ ਹੰਕਾਰੀ ਬੜਾ ਮਹਾਨ
ਗੋਪਾਲ ਰਾਏ ਗੁਲੇਰਦਾ ਆ ਅੱਗ ਲਗਾ ਵਰਸਾਣ

ਤੇ ਸ੍ਰੀ ਨਗਰ ਦਾ ਫਤਿਹ ਸ਼ਾਹ ਜਿਹਦੇ ਦਿਲ ਵਿਚ ਬੜਾ ਗੁਮਾਨ
ਸਤਿਗੁਰ ਨੂੰ ਜੀਉਂਦੇ ਪਕੜਨਾ ਇਹ ਲਿਆ ਦਿਲਾਂ ਵਿਚ ਠਾਨ

ਪਰ ਧੰਨ ਗੁਰੂ ਕਾ ਖਾਲਸਾ ਜਿਨ ਤਲੀ ਤੇ ਰਖੀ ਜਾਨ
ਤੇ ਕਲਗੀਧਰ ਦੇ ਆਸਰੇ ਹੱਥ ਫੜ ਲਏ ਤੀਰ ਕਮਾਨ

ਪਲੋ ਪਲੀ ਵਿਚ ਗੁਰੂ ਨੇ ਸਿੰਘਾਂ ਤੇ ਪੀਰ ਬੁਧੂਸ਼ਾਹ ਦੇ ਯੋਧਿਆਂ ਉਹ ਹੱਥ ਵਿਖਾਏ ਕਿ ਪਹਾੜੀ ਰਾਜੇ ਤਰਾਹ-ਤਰਾਹ ਕਰ ਉਠੇ ।

ਰਣ ਭੂਮੀ ਦਾ ਨਕਸ਼ਾ—

ਆ ਗਿਆ ਭੰਗਾਣੀ ਵਾਲਾ ਭੀਮ ਚੰਦ ਜੀ
ਉਹਦੇ ਵੀ ਸਿੰਘਾਂ ਨੇ ਕੀਤੇ ਖੱਟੇ ਦੰਦ ਜੀ

ਖਾਲਸੇ ਮੈਦਾਨ ਵਿਚ ਤੇਗਾਂ ਮਾਰਦੇ
ਮੌਤ ਡੈਣ ਕੋਲੋਂ ਨੀ ਕਦੇ ਵੀ ਹਾਰਦੇ

ਫਤਿਹ ਸ਼ਾਹ ਦੇ ਉਤੇ ਸਿੰਘਾਂ ਫਤਿਹ ਪਾਈ ਏ
ਬੜੀ ਹੀ ਦਲੇਰੀ ਖਾਲਸੇ ਦਿਖਾਈ ਏ

ਸੂਰਾ ਕਿਰਪਾਲ ਚੰਦ ਗਿਆ ਮੰਨਿਆ
ਡੰਡੇ ਨਾ ਹਯਾਤ ਖਾਂ ਦਾ ਤਾਲੂ ਭੰਨਿਆ

ਦਇਆ ਰਾਮ ਸੂਰਮੇ ਦਿਖਾਏ ਹੱਥ ਜੀ
ਵੈਰੀ ਦਾ ਘੁਮੰਡ ਗਿਆ ਸਾਰਾ ਲੱਥ ਜੀ
ਪੀਰ ਬੁੱਧੂ ਸ਼ਾਹ ਵੀ ਰਣ ਵਿਚ ਆ ਗਿਆ
ਖਖੜੀ ਦੇ ਵਾਂਗ ਵੈਰੀਆਂ ਨੂੰ ਖਾ ਗਿਆ

ਪੰਜੇ ਪੁੱਤ ਗੁਰਾਂ ਦੀ ਭੂਆ ਦੇ ਆ ਗਏ
ਮਾਰ ਕੇ ਹਜ਼ਾਰਾਂ ਨੂੰ ਸ਼ਹੀਦੀ ਪਾ ਗਏ

ਲਾਲ ਚੰਦ ਹਲਵਾਈ ਧਾਂਕ ਪਾ ਗਿਆ
ਖੌਂਚੇ ਮਾਰ ਵੈਰੀਆਂ ਦੀ ਫੌਜ ਖਾ ਗਿਆ

ਕਾਲੇ ਖਾਂ ਪਠਾਨ ਦੀ ਨਿਰਾਲੀ ਗੱਲ ਜੀ
ਚੰਗੀ ਤਰ੍ਹਾਂ ਵੈਰੀਆਂ ਨੂੰ ਪਾਈ ਠੱਲ੍ਹ ਜੀ

ਪਿਤਾ ਦਸਮੇਸ਼ ਐਸਾ ਤੀਰ ਛਡਿਆ
ਗਿਆ ਹਰੀ ਚੰਦ ਦੇ ਸੀਨੇ 'ਚ ਗਡਿਆ

ਵੈਰੀਆਂ ਦਾ ਦਲ ਲੀਰੋ ਲੀਰ ਹੋ ਗਿਆ
ਗੁਰਾਂ ਦੇ ਤੀਰਾਂ ਦੇ ਸਾਹਵੇਂ ਤੀਰ ਹੋ ਗਿਆ

ਸਫਰੀ ਸਿੰਘਾਂ ਦੀ ਹੋਈ ਪੂਰੀ ਜਿੱਤ ਜੀ
ਖਾਲਸੇ ਨੇ ਵੈਰੀਆਂ ਨੂੰ ਕੀਤਾ ਚਿੱਤ ਜੀ

ਦੋਹਾਂ ਪਾਸਿਆਂ ਤੋਂ ਫੱਟੜ ਹੋਏ ਸੈਨਕ ਪਾਣੀ-ਪਾਣੀ ਕੁਰਲਾ ਰਹੇ ਸਨ । ਭਾਈ ਘਨ੍ਹਈਆ ਬਿਨਾਂ ਵਿਤਕਰੇ ਦੇ ਸਭ ਨੂੰ ਪਾਣੀ ਪਿਲਾਈ ਜਾਂਦਾ ਹੈ । ਸਿੰਘ ਬੜੇ ਰੋਹ ਵਿਚ ਆ ਕੇ ਗੁਰੂ ਜੀ ਪਾਸ ਇਉਂ ਸ਼ਿਕਾਇਤ ਕਰਦੇ ਹਨ :

ਮੋੜੋ ਮੋੜੋ_ਦਸਮ ਪਾਤਸ਼ਾਹ ਮੋੜੋ ਭਾਈ ਘਨਈਏ ਨੂੰ
ਇਹ ਦੁਸ਼ਮਨ ਨੂੰ ਨੀਰ ਪਿਲਾਉਂਦਾ ਹੋੜੋ ਭਾਈ ਘਨਈਏ ਨੂੰ

ਫੱਟੜ ਦੁਸ਼ਮਨ ਦੇ ਮੂੰਹ ਪਾਣੀ ਜਦੋਂ ਘਨਈਆ ਪਾ ਜਾਂਦਾ
ਉਹ ਦੁਸ਼ਮਨ ਤਲਵਾਰ ਪਕੜ ਕੇ ਫਿਰ ਲੜਨੇ ਨੂੰ ਆ ਜਾਂਦਾ
ਥੱਪੜ ਮਾਰੋ ਬਾਹੋਂ ਪਕੜ ਝੰਜੋੜੋ ਭਾਈ ਘਨਈਏ ਨੂੰ
ਇਹ ਦੁਸ਼ਮਨ ਨੂੰ ਨੀਰ ਪਿਲਾਉਂਦਾ ....

ਜਾਨ ਤਲੀ ਤੇ ਧਰਕੇ ਆਪਾਂ ਰਣਭੂਮੀ ਵਿਚ ਆਉਂਦੇ ਹਾਂ
ਦੁਖੀਆਂ ਤੇ ਮਜਲੂਮਾਂ ਖਾਤਿਰ ਆਪਣਾ ਖੂਨ ਵਹਾਉਂਦੇ ਹਾਂ
ਇਹ ਇਮਦਾਦੀ ਦੁਸ਼ਮਨ ਦਾ ਹੈ ਮੋੜੋ ਭਾਈ ਘਨਈਏ ਨੂੰ
ਇਹ ਦੁਸ਼ਮਨ ਨੂੰ ਨੀਰ ਪਿਲਾਉਂਦਾ ....

ਨਾ ਦੁਸ਼ਮਨ ਦੀ ਨਾ ਮਿੱਤਰ ਦੀ ਸਾਰ ਹੈ ਭਾਈ ਘਨਈਏ ਨੂੰ
ਇਹ ਸਭਨਾਂ ਨੂੰ ਇੱਕ ਸਮਝਦਾ ਬਦਲੋ ਇਹਦੇ ਰਵੱਈਏ ਨੂੰ
ਵਾਰ-ਵਾਰ ਇਹ ਤੋੜੇ ਕਸਦਾ ਤੋੜੋ ਭਾਈ ਘਨਈਏ ਨੂੰ
ਇਹ ਦੁਸ਼ਮਨ ਨੂੰ ਨੀਰ ਪਿਲਾਉਂਦਾ ਹੋੜੋ ਭਾਈ ਘਨਈਏ ਨੂੰ

ਪੰਜ ਕਕਾਰ ਗੁਰਾਂ ਨੇ ਬਖਸ਼ੇ ਇਹਨੂੰ ਸਿੰਘ ਸਜਾਇਆ ਏ
ਇਹਨੇ ਸਿੱਖੀ ਬਾਣਾ ਸਫਰੀ ਡੂੰਘੇ ਖੂਹ ਵਿਚ ਪਾਇਆ ਏ
ਜਾਨ ਬਾਜ਼ ਗੁਰ ਸਿਖਾਂ ਨਾਲ ਨਾ ਜੋੜੋ ਭਾਈ ਘਨਈਏ ਨੂੰ
ਇਹ ਦੁਸ਼ਮਨ ਨੂੰ ਨੀਰ ਪਿਲਾਉਂਦਾ ....

ਭਾਈ ਘਨਈਏ ਨੂੰ ਜ਼ੰਜੀਰਾਂ ਵਿਚ ਜ਼ੁੱਟ ਕੇ ਦੁਸ਼ਟ ਦਮਨ ਕਲਗੀਧਰ ਪਾਤਸ਼ਾਹ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ । ਘਨਈਆ ਇਉਂ ਬਿਆਨ ਕਰਦਾ ਹੈ :

ਮੈਂ ਘਨਈਆ ਤੇਰਾ ਗੁਨਾਗਾਰ ਭਾਰਾ
ਬਖਸ਼ ਮੈਨੂੰ ਸੱਚੇ ਪਾਤਸ਼ਾਹ
ਮੈਂ ਪਾਪੀ ਤੂੰ ਹੈਂ ਬਖਸ਼ਣਹਾਰਾ
ਬਖਸ਼ ਮੈਨੂੰ ਸੱਚੇ ਪਾਤਸ਼ਾਹ

ਜਿਹੜਾ ਵੀ ਫੱਟ ਖਾ ਕੇ ਪਾਣੀ ਪਾਣੀ ਹੈ ਕੁਰਲਾਉਂਦਾ
ਮੈਨੂੰ ਦਾਤਾ ਤੇਰਾ ਹੀ ਉਹ ਰੂਪ ਨਜ਼ਰ ਪਿਆ ਆਉਂਦਾ
ਰੱਬ ਵਰਗਾ ਜਹਾਨ ਮੈਨੂੰ ਸਾਰਾ, ਬਖਸ਼ ਮੈਨੂੰ ਸੱਚੇ ਪਾਤਸ਼ਾਹ

ਮੈਂ ਘਨਈਆ ਤੇਰਾ ਗੁਨਾਗਾਰ ਭਾਰਾ
ਬਖਸ਼ ਮੈਨੂੰ ਸੱਚੇ ਪਾਤਸ਼ਾਹ

ਭੁੱਲੇ ਨਹੀਓਂ ਸਬਕ ਅਸਾਨੂੰ ਜੋ ਪੜ੍ਹਾਏ ਆਪੇ
ਗੀਤਾ ਤੇ ਕੁਰਆਨ ਤਾਂ ਮੈਨੂੰ ਇੱਕ ਬਰਾਬਰ ਜਾਪੇ
ਇਹ ਖਿਆਲਾਂ ਦਾ ਹੈ ਵਾਧੂ ਦਾ ਪਸਾਰਾ
ਬਖਸ਼ ਮੈਨੂੰ ਸੱਚੇ ਪਾਤਸ਼ਾਹ

ਜਦ ਵੀ ਪਾਣੀ ਪਾਣੀ ਕੋਈ ਫੱਟੜ ਪਿਆ ਪੁਕਾਰੇ
ਮੈਨੂੰ ਤਾਂ ਪ੍ਰਮੇਸ਼ਰ ਦੇ ਹੀ ਜੀਵ ਜਾਪਦੇ ਸਾਰੇ
ਇੱਕ ਖੁਦਾ ਦੀ ਹਸਤੀ ਬਾਝੋਂ ਕਿਹੜਾ ਜੀਵ ਨਿਆਰਾ
ਬਖਸ਼ ਮੈਨੂੰ ਸੱਚੇ ਪਾਤਸ਼ਾਹ

ਜਿਸ ਦੇ ਵੀ ਮੈਂ ਮੂੰਹ ਦੇ ਅੰਦਰ ਛਿੱਟ ਪਾਣੀ ਦੀ ਪਾਈ
ਦਸਮ ਪਿਤਾ ਦੀ ਮੋਹਣੀ ਮੂਰਤ ਮੈਨੂੰ ਨਜ਼ਰੀਂ ਆਈ
ਦੇਖ ਲਿਆ ਮੈਂ ਤੇਰੇ ਦਰ ਦਾ ਅੱਖੀਂ ਆਪ ਨਜ਼ਾਰਾ
ਬਖਸ਼ ਮੈਨੂੰ ਸੱਚੇ ਪਾਤਸ਼ਾਹ

ਸਰਬੰਸ ਦਾਨੀ ਕਲਗੀਧਰ ਮਹਾਰਾਜ ਦੇ ਮਨ ਤੇ ਕੀ ਅਸਰ ਹੋਇਆ ?

ਦੁਸ਼ਟ ਦਮਨ ਦੇ ਸਾਹਵੇਂ ਆਪਣਾ ਜਦੋਂ ਘਨਈਏ ਪੱਖ ਸੁਣਾਇਆ
ਸੋਚ ਸੋਚ ਕੇ ਗੁਰੂ ਗੋਬਿੰਦ ਸਿੰਘ ਭਰੀ ਸਭਾ ਵਿਚ ਇਹ ਫਰਮਾਇਆ

ਇਹਨੂੰ ਨਾ ਹੁਣ ਪਕੜੋ ਸਿੰਘੋ ਇਨ ਮੇਰਾ ਦਿਲ ਪਕੜ ਲਿਆ ਹੈ
ਪਿਆਰ ਦੀਆਂ ਜ਼ੰਜੀਰਾਂ ਅੰਦਰ ਇਨ ਮੇਰਾ ਦਿਲ ਜਕੜ ਲਿਆ ਹੈ

ਕਿੰਨੀ ਮੁਸ਼ਕਲ ਘਾਟੀ ਅੰਦਰ ਕਰ ਗਿਆ ਮੁਸ਼ਕਲ ਕਾਰ ਘਨਈਆ
ਕੋਹ ਹਿਮਾਲਾ ਤੋਂ ਵੀ ਉੱਚੇ ਦੇ ਗਿਆ ਨੇਕ ਵਿਚਾਰ ਘਨਈਆ

ਮੇਰਾ ਸੁਤ ਅਜੀਤ ਘਨਈਆ, ਮੇਰਾ ਸੁਤ ਜੁਝਾਰ ਘਨਈਆ
ਬਚ ਸਕਦਾ ਸੰਸਾਰ ਤਬਾਹੀਓਂ ਜੇ ਬਣ ਜਾਏ ਸੰਸਾਰ ਘਨਈਆ

ਆ ਫੜ ਡੱਬੀ ਭਾਈ ਘਨਈਆ ਸਭ ਦੀ ਸੇਵਾ ਕਮਾ ਛਡਿਆ ਕਰ
ਦੁਸ਼ਮਨ ਦੇ ਵੀ ਫੱਟਾਂ ਉਤੇ ਅੱਜ ਤੋਂ ਮਲ੍ਹਮ ਲਾ ਛੱਡਿਆ ਕਰ

ਭੰਗਾਣੀ ਦੀ ਜਿੱਤ ਪਿਛੋਂ ਗੁਰੂ ਸੰਗਤਾਂ ਕਲਗੀਧਰ ਪਾਤਸ਼ਾਹ ਦੇ ਗੁਣ ਗਾਇਨ ਕਰ ਰਹੀਆਂ ਹਨ ।

ਅਸਾਡਾ ਕਲਗੀਧਰ ਅਵਤਾਰ
ਸੋਂਭਦੀ ਹੱਥ ਨੂਰੀ ਤਲਵਾਰ
ਜਗਤ ਵਿਚ ਸਾਰੇ ਜੈ ਜੈ ਕਾਰ
ਪੰਥ ਦੀ ਚੜ੍ਹਦੀ ਕਲਾ ।

ਕੰਘਾ ਅਤੇ ਕੇਸ ਕੜਾ ਹੱਥ ਕਿਰਪਾਨ ਹੈ
ਪੰਜੇ ਹੀ ਕੱਕਾਰ ਬੀਰ ਖਾਲਸੇ ਦੀ ਸ਼ਾਨ ਹੈ
ਚਮਕੀ ਕੇਸਗੜ੍ਹ ਤਲਵਾਰ
ਅਸੀਂ ਸਿਰ ਦੇ ਕੇ ਬਣੇ ਸਰਦਾਰ
ਪੰਥ ਦੀ ਚੜ੍ਹਦੀ ਕਲਾ
ਪੰਥ ਦੀ ਚੜ੍ਹਦੀ ਕਲਾ

ਖਾਲਸੇ ਦੇ ਨਾਲ ਸਾਡਾ ਦਮ ਵਿਚ ਦਮ ਹੈ
ਮੌਤ ਨਾਲ ਜੂਝ ਜਾਣਾ ਖਾਲਸੇ ਦਾ ਕੰਮ ਹੈ
ਸਾਡਾ ਸਤਿਗੁਰ ਪਹਿਰੇਦਾਰ
ਅਸਾਂ ਦੇ ਨਾਲ ਅਜੀਤ ਜੁਝਾਰ
ਪੰਥ ਦੀ ਚੜ੍ਹਦੀ ਕਲਾ
ਪੰਥ ਦੀ ਚੜ੍ਹਦੀ ਕਲਾ

ਸਿੰਘਾਂ ਉਤੇ ਨਵੀਂ-ਨਵੀਂ ਭਾਜੀ ਪਾਉਣ ਵਾਲਿਉ
ਮੂੰਹ ਦੇ ਮਿਠਿਉ ਤੇ ਦਿਲਾਂ ਦਿਉ ਕਾਲਿਉ
ਅਸੀਂ ਹੱਥ ਫੜਕੇ ਤਲਵਾਰ
ਮੱਸੇ ਦਾ ਦਿੱਤਾ ਕਰਜ਼ ਉਤਾਰ
ਪੰਥ ਦੀ ਚੜ੍ਹਦੀ ਕਲਾ
ਪੰਥ ਦੀ ਚੜ੍ਹਦੀ ਕਲਾ

'ਸਫ਼ਰੀ' ਹਥੇਲੀਆਂ ਤੇ ਜਾਨ ਅਸੀਂ ਧਰਾਂਗੇ
ਸ਼ਾਨ ਨਾਲ ਜੀਆਂਗੇ ਤੇ ਸ਼ਾਨ ਨਾਲ ਮਰਾਂਗੇ
ਬਣੇਗਾ ਪੰਥ ਦਾ ਜੋ ਗ਼ਦਾਰ
ਕਰਾਂਗੇ ਉਹਦਾ ਖੂਬ ਸਧਾਰ
ਪੰਥ ਦੀ ਚੜ੍ਹਦੀ ਕਲਾ
ਪੰਥ ਦੀ ਚੜ੍ਹਦੀ ਕਲਾ

o o o

15

ਕਲਗੀਧਰ ਰਹਿਬਰ ਕੁਲ ਸੰਸਾਰ ਦਾ ਏ

ਪਟਨੇ ਸ਼ਹਿਰ ਅਣੋਖੜਾ ਚੰਨ ਚੜਿਆ
ਨੇਰ੍ਹੇ ਦਿਲਾਂ 'ਚ ਚਾਨਣ ਖਿਲਾਰਦਾ ਏ
ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ
ਕੀਤਾ ਸ਼ੁਕਰੀਆ ਓਸ ਦਾਤਾਰ ਦਾ ਏ
ਤਿਲਕ ਗਿਆ ਸੀ ਮੱਥੇ ਤੇ ਤਿਲਕ ਸਾਡਾ
ਦਮਕਾਂ ਅੱਜ ਅਣੋਖੀਆਂ ਮਾਰਦਾ ਏ
ਵਰਸਾਂ ਬਾਅਦ ਘੜਿਆਲ ਦਾ ਬੋਲ ਸੁਣਿਆ
ਓਮ ਓਮ ਦੇ ਸ਼ਬਦ ਉਚਾਰਦਾ ਏ

ਭੀਖਣ ਸ਼ਾਹ ਫਕੀਰ ਨੇ ਪਰਖ ਕੀਤੀ
ਗੁਰੂ ਕਿਨ੍ਹਾਂ ਨੂੰ ਬਹੁਤਾ ਪਿਆਰਦਾ ਏ
ਗੁਰਾਂ ਦੁੱਧ ਪਾਣੀ ਤੇ ਹੱਥ ਰਖੇ
ਕਲਗੀਧਰ ਰਹਿਬਰ ਕੁਲ ਸੰਸਾਰ ਦਾ ਏ

ਦਸਮ ਪਾਤਸ਼ਾਹ ਹਿੰਦੋਸਤਾਨੀਆਂ ਦੇ
ਸਿਰੋਂ ਲਾਹੁਣ ਗੁਲਾਮੀ ਦਾ ਭਾਰ ਆਇਆ
ਕਰਨ ਲਈ ਮਜ਼ਲੂਮਾਂ ਦੀ ਮਦਦ ਆਇਆ
ਬੇਕਸ ਬੰਦਿਆਂ ਦਾ ਬਣਕੇ ਯਾਰ ਆਇਆ
ਮਹਾਂ ਬਲੀ ਤੇਜਸਵੀ ਬੀਰ ਜੋਧਾ
ਹੱਥ ਅਕਲ ਦੀ ਪਕੜ ਤਲਵਾਰ ਆਇਆ
ਪਟਣੇ ਵਾਸਤੇ ਜੜ੍ਹ ਜਰਵਾਣਿਆਂ ਦੀ
ਪਟਨੇ ਸ਼ਹਿਰ ਦਸਮੇਸ਼ ਅਵਤਾਰ ਆਇਆ

ਸੀਸ ਚੋਟੀ ਜਨੇਊ ਤੇ ਤਿਲਕ ਟਿੱਕਾ
ਸਦਕਾ ਓਸੇ ਦੀ ਤੇਜ਼ ਤਲਵਾਰ ਦਾ ਏ
ਉਹਦੀ ਤੇਗ਼ ਲਲਕਾਰ ਕੇ ਆਖ ਰਹੀ ਐ
ਕਲਗ਼ੀਧਰ ਰਹਿਬਰ ਕੁਲ ਸੰਸਾਰ ਦਾ ਏ

ਉਹਦੀ ਤੇਗ਼ ਨੇ ਦੁੱਖਾਂ ਦੇ ਭਵਰ ਵਿਚੋਂ
ਬੇੜਾ ਹਿੰਦੋਸਤਾਨ ਦਾ ਤਾਰਿਆ ਏ
ਉਹਦੀ ਤੇਗ਼ ਦੇ ਤੇਜ ਪਰਤਾਪ ਅਗੇ
ਭੀਮ ਚੰਦ ਭੰਗਾਣੀ ਦਾ ਹਾਰਿਆ ਏ
ਉਹਦੀ ਤੇਗ਼ ਨੇ ਹਰ ਮੈਦਾਨ ਅੰਦਰ
ਹਰ ਸ਼ਤਰੂ ਤਾਈ ਵੰਗਾਰਿਆ ਏ
ਮਾਣ ਮਤੀ ਇਸ ਮੁਗ਼ਲ ਸਰਕਾਰ ਤਾਈਂ
ਮੂਧੇ ਮੂੰਹ ਪਟਕਾ ਕੇ ਮਾਰਿਆ ਏ

ਲੈ ਕੇ ਸੀਸ ਮਨੁੱਖ ਨੂੰ ਦਵੇ ਮੁਕਤੀ
ਸੌਦਾ ਨਗਦ ਨਾ ਕੰਮ ਉਧਾਰ ਦਾ ਏ
ਗੁਰੂ ਕੱਲਿਆਂ ਸਿੱਖਾਂ ਦਾ ਗੁਰੂ ਨਹੀਂ ਗਾ
ਕਲਗੀਧਰ ਰਹਿਬਰ ਕੁਲ ਸੰਸਾਰ ਦਾ ਏ

ਪੱਟ ਚੀਰਨਾ ਸਹਿਲ ਮਨੁੱਖ ਲਈ ਹੈ
ਹੁੰਦਾ ਦਰਦ ਕਲੇਜੇ ਦੇ ਚੀਰਿਆਂ ਦਾ
ਵਡੇ ਵੀਰ ਚਮਕੌਰ ਸ਼ਹੀਦ ਹੋ ਗਏ
ਸਾਥ ਛੱਡ ਕੇ ਛੋਟਿਆਂ ਵੀਰਿਆਂ ਦਾ
ਛੋਟੇ ਬੱਚੇ ਦੀਵਾਰਾਂ 'ਚ ਬੀੜ ਦਿਤੇ
ਕੋਈ ਪੀਰ ਨਹੀਂ ਸੀ ਬੇਪੀਰਿਆਂ ਦਾ
ਹੋਣੀ ਡੈਣ ਨੇ ਇੱਟ ਤੇ ਇੱਟ ਰੱਖ ਕੇ
ਕੀਤਾ ਵਜ਼ਨ ਦਸ਼ਮੇਸ਼ ਦੇ ਹੀਰਿਆਂ ਦਾ

ਜ਼ਿਕਰ ਕਰਦੇ ਫਰਿਸ਼ਤੇ ਵੀ ਅੰਬਰਾਂ ਤੇ
ਇਸ ਸਰਹੰਦ ਦੀ ਖ਼ੂਨੀ ਦੀਵਾਰ ਦਾ ਏ
ਖੁਲ੍ਹ ਕੇ ਆਖਿਆ ਚੰਨ ਸਤਾਰਿਆਂ ਨੇ
ਕਲਗੀਧਰ ਰਹਿਬਰ ਕੁਲ ਸੰਸਾਰ ਦਾ ਏ

ਨਕਸ਼ਾ ਅੱਖਾਂ ਦੇ ਸਾਹਮਣੇ ਜਦੋਂ ਆਉਂਦਾ
ਉਹਦੇ ਵਿਛੜੇ ਹੋਏ ਪਰਵਾਰ ਦਾ ਏ
ਧਰਤੀ ਤੜਫਦੀ ਨੀਲਾ ਆਕਾਸ਼ ਰੋਂਦਾ
ਹਿਰਦਾ ਪਰਬਤਾਂ ਦਾ ਭੁੱਬਾਂ ਮਾਰਦਾ ਏ
ਸਿੱਖੀ ਵਾਸਤੇ ਕੇਡਾ ਕੁ ਘੋਲ ਕੀਤਾ
ਕੇਡਾ ਹਉਸਲਾ ਮੇਰੇ ਦਾਤਾਰ ਦਾ ਏ
ਕੋਈ ਦੌਲਤਾਂ ਦੇਸ਼ ਤੋਂ ਵਾਰਦਾ ਹਊ
ਟੁਕੜੇ ਕੌਣ ਕਲੇਜੇ ਦੇ ਵਾਰਦਾ ਏ

ਡੁਲ੍ਹਾ ਖ਼ੂਨ ਸ਼ਹੀਦਾਂ ਦਾ ਚਮਨ ਅੰਦਰ
ਰੰਗ ਹੋ ਗਿਆ ਸ਼ੋਖ ਗੁਲਜ਼ਾਰ ਦਾ ਏ
ਉਹਦੇ ਰਾਹਾਂ ਤੇ ਚਲਣਾ ਪਊ 'ਸਫ਼ਰੀ'
ਉਹ ਤਾਂ ਰਹਿਬਰ ਕੁਲ ਸੰਸਾਰ ਦਾ ਏ

o o o

16

ਗੁਰੂ ਗੋਬਿੰਦ ਸਿੰਘ ਜਗ ਵਿਚ ਆਏ

ਮੱਛੀ ਵਾਂਗ ਮਨੁਖਤਾ ਤੜਪੀ
ਕਿਸੇ ਦਰਦ ਨਾ ਸੁਣਿਆਂ ਹਾਏ
ਕੁਲ ਜਨੇਊ ਫਨੀਅਰ ਬਣ ਗਏ
ਕੀ ਬ੍ਰਾਹਮਣ ਗਲ ਵਿਚ ਪਾਏ
ਸੰਖੀਆ ਖਾਣ ਬਰਾਬਰ ਸਦਮਾਂ
ਕੌਣ ਮੰਦਰ ਵਿਚ ਸੰਖ ਵਜਾਏ
ਸਿਵਿਆਂ ਵਾਂਗੂ ਜ਼ਿੰਦਗੀ ਧੁਖਦੀ
ਕੌਣ ਮੰਦਰ ਵਿਚ ਧੂਫ ਧੁਖਾਏ
ਕੈਸੀ ਸਿਤਮ ਜ਼ਰੀਫੀ ਹੈ ਇਹ
ਕਿੰਨਾ ਕੁ ਹੈ ਇਹ ਅਨਿਆਏ
ਐਸੀ ਦਸ਼ਾ ਦੇਸ਼ ਦੀ ਤੱਕ ਕੇ
ਗੁਰੂ ਗੋਬਿੰਦ ਸਿੰਘ ਜਗ ਵਿਚ ਆਏ

ਕਈ ਕੰਜਕਾਂ ਵਤਨ ਮੇਰੇ ਦੀਆਂ
ਵਿਕਣ ਵਾਸਤੇ ਗਜ਼ਨੀ ਗਈਆਂ
ਝੁੱਘੇ ਲੁਟ ਗਏ, ਇੱਜ਼ਤ ਲੁੱਟ ਗਈ
ਧਰਮ ਬਦਲ ਲਏ ਕਈਆਂ ਕਈਆਂ
ਤਿਲਕ ਤਿਲਕ ਗਏ, ਮੱਥਿਆਂ ਉਤੋਂ
ਹਰ ਜੰਜੂ ਨੂੰ ਗਸ਼ੀਆਂ ਪਈਆਂ
ਨਾ ਕਾਸ਼ੀ ਨਾ ਹਰਦੁਆਰੋਂ
ਆਣ ਕਿਸੇ ਨੇ ਖਬਰਾਂ ਲਈਆਂ
ਰਾਜੇ ਸ਼ੀਹ ਮੁਕਦਮ ਕੁੱਤੇ

ਉਲਦੀ ਵਾੜ ਖੇਤ ਨੂੰ ਖਾਏ
ਪਟਨੇ ਵਿਚ ਅਵਤਾਰ ਧਾਰਕੇ
ਗੁਰੂ ਗੋਬਿੰਦ ਸਿੰਘ ਜਗ ਵਿਚ ਆਏ

ਭਾਰਤ ਮਾਂ ਦੇ ਸਿਰ ਦੇ ਉਤੇ
ਸੈ ਬਿਪਤਾ ਦੇ ਬੱਦਲ ਛਾਏ
ਧਰਤ ਕਮਾਣੀ ਕਲੀਆਂ ਮੰਗੇ
ਅੰਬਰ ਉਤੋਂ ਅੱਗ ਵਰ੍ਹਾਏ
ਭਾਰਤ ਮਾਂ ਦੇ ਕੇਸਾਂ ਵਿਚਲਾ
ਕੌਣ ਭਲਾ ਸੰਧੂਰ ਬਚਾਏ
ਅੱਗ ਬਣ ਗਿਆ ਨੀਰ ਗੰਗਾ ਦਾ
ਕੌਣ ਯਾਤਰੀ ਜਲ ਵਿਚ ਨ੍ਹਾਏ
ਦੁਖੀਆਂ ਦੇ ਦੁੱਖ ਪਰਬਤ ਜੇਡੇ
ਕੌਣ ਸੂਰਮਾ ਭਾਰ ਵੰਡਾਏ
ਮਜ਼ਲੂਮਾਂ ਦੀ ਰਖਸ਼ਾ ਖਾਤਿਰ
ਗੁਰੂ ਗੋਬਿੰਦ ਸਿੰਘ ਜਗ ਵਿਚ ਆਏ ।

ਅਰਸ਼ੋਂ ਹੁਕਮ ਅਲਾਹੀ ਪਾ ਕੇ
ਨੂਰੀ ਜੋਤ ਜਗਤ ਵਿਚ ਆਈ
ਤੇਗ ਬਹਾਦਰ ਦਾ ਕੀ ਕਹੀਏ
ਕਿੰਨੀ ਓਹਨਾਂ ਖੁਸ਼ੀ ਮਨਾਈ
ਮਾਂ ਗੁਜਰੀ ਨੂੰ ਲੱਖ ਮੁਬਾਰਕ
ਮਾਂ ਗੁਜਰੀ ਨੂੰ ਲੱਖ ਵਧਾਈ
ਪਟਨੇ ਤੈਨੂੰ ਨਮਸਕਾਰ ਤੂੰ
ਜੜ੍ਹ ਪਾਪਾਂ ਦੀ ਪੱਟ ਵਖਾਈ
ਕਲਗੀਧਰ ਨੇ ਚਰਨ ਪਵਿੱਤਰ
ਜਦ ਪਟਨੇ ਦੀ ਜੂਹ ਵਿਚ ਪਾਏ
ਮੋਰ ਪਪੀਹੇ ਬੋਲਣ ਲੱਗੇ
ਗੁਰੂ ਗੋਬਿੰਦ ਸਿੰਘ ਜਗ ਵਿਚ ਆਏ

ਪੰਜ ਬਾਣੀਆਂ ਪੜ੍ਹ ਕੇ ਸਤਿਗੁਰ
ਸਾਨੂੰ ਪੰਜ ਕੱਕਾਰ ਦੇ ਗਿਆ

ਸਾਨੂੰ ਆਪਣਾ ਰੂਪ ਦੇ ਗਿਆ
ਨੂਰੀ ਜਹੀ ਨੁਹਾਰ ਦੇ ਗਿਆ
ਜ਼ੋਰਾਵਰ ਤੇ ਫਤਿਹ ਦੇ ਗਿਆ
ਅਤੇ ਅਜੀਤ ਜੁੰਝਾਰ ਦੇ ਗਿਆ
ਅਸੀਂ ਤਾਂ ਇੱਕ ਬੇਜਾਵਾ ਦਿੱਤਾ
ਉਹ ਸਾਰਾ ਪਰਿਵਾਰ ਦੇ ਗਿਆ !!
ਸੁੱਤੇ ਲੋਕ ਜਗਾਉਣੇ ਸੌਖੇ
ਉਸ ਨੇ ਮੁਰਦਾ ਲੋਕ ਜਗਾਏ
ਕੁਲ ਦੁਨੀਆਂ ਦਾ ਦਰਦ ਵੰਡਣ ਲਈ
ਗੁਰੂ ਗੋਬਿੰਦ ਸਿੰਘ ਜਗ ਵਿਚ ਆਏ

ਦਸਮ ਪਿਤਾ ਦੇ ਲਾਲ ਕਚਹਿਰੀ
ਜਦ ਸੂਬੇ ਨੇ ਸਦ ਬੁਲਾਏ
ਠੰਢੇ ਠੰਢੇ ਹਉਕੇ ਭਰਦੇ
ਠੰਢੇ ਬੁਰਜ ਸਿਪਾਹੀ ਆਏ
ਦਾਦੀ ਮਾਂ ਨੇ ਦੋਏ ਪੋਤਰੇ
ਜਾਂਦੀ ਵਾਰੀ ਹਿੱਕ ਨਾ ਲਾਏ
ਤਿੜਕ ਗਈ ਦੀਵਾਰ ਕਿਲ੍ਹੇ ਦੀ
ਪੱਥਰਾਂ ਨੇ ਵੀ ਨੀਰ ਵਹਾਏ
ਤੇਗ ਬਹਾਦਰ ਲਾਲਾਂ ਉਤੇ
ਅੰਬਰ ਉਤੋਂ ਫੁੱਲ ਵਰਸਾਏ
ਬਹੁਤ ਵੱਡਾ ਸੰਘਰਸ਼ ਕਰਨ ਲਈ
ਗੁਰੂ ਗੋਬਿੰਦ ਸਿੰਘ ਜਗ ਵਿਚ ਆਏ ।

ਦਸਮ ਪਾਤਸ਼ਾਹ ਜੋ ਦੁੱਖ ਝੱਲੇ
ਕੁਈ ਦੁਨੀਆਂ ਤੇ ਸਹਿ ਨੀ ਸਕਦਾ
ਰੋਂਦੀ ਜਨਤਾ ਦੇਖ ਵਤਨ ਦੀ
ਚੁੱਪ ਕਰਕੇ ਸਿੱਖ ਬਹਿ ਨੀ ਸਕਦਾ
ਕਹਿਣਾ ਚਾਹੁੰਦਾ ਨਹੀਂ ਮੈਂ ਪੰਡਤਾ
ਪਰ ਮੈਂ ਕਹਿਣੋਂ ਰਹਿ ਨਹੀਂ ਸਕਦਾ
ਗਲਾ ਲੁਹਾ ਲਊ ਸਤਿਗੁਰ. ਤੇਰੇ

ਗਲੋ ਜਨੇਊ ਲਹਿ ਨਹੀਂ ਸਕਦਾ
ਦਸਮ ਪਿਤਾ ਨੇ ਲਾਲ ਵਾਰ ਕੇ
ਦੇਸ਼ ਦੇ ਲੱਖਾਂ ਲਾਲ ਬਚਾਏ
ਜਗਮਗ ਜਗਮਗ ਜਗ ਵਿਚ ਹੋਈ
ਗੁਰੂ ਗੋਬਿੰਦ ਸਿੰਘ ਜਗ ਵਿਚ ਆਏ ।

o o o

17

ਮਾਤਾ ਗੁਜਰੀ ਤੇ ਗੰਗੂ ਦੇ ਜਵਾਬ ਸਵਾਲ

ਮਾਤਾ ਗੁਜਰੀ ਦੇ ਛੋਟੇ ਸਾਹਿਬਜ਼ਾਦੇ ਗੰਗੂ ਰਸੋਈਏ ਦੇ ਨਾਲ ਖੇੜੀ ਪੁਜ ਗਏ ਲੋਭੀ ਗੰਗੂ ਨੇ ਮੋਹਰਾਂ ਚੁਰਾ ਲਈਆਂ ।

ਮਾਤਾ–ਜਿਹੜੀ ਮੋਹਰਾਂ ਵਾਲੀ ਥੈਲੀ ਤੂੰ ਚੁਰਾਈ ਗੰਗੂਆ
ਇਹ ਤੂੰ ਮੰਦਾ ਕੀਤਾ
ਇਹ ਤੂੰ ਮੰਦਾ ਕੀਤਾ

ਗੰਗੂ–ਚੋਰੀ ਲਗੀ ਤਾਂ ਮੈਂ ਦਿਤੀ ਏ ਦੁਹਾਈ ਅੰਮੀਏ
ਇਹ ਮੈਂ ਚੰਗਾ ਕੀਤਾ
ਇਹ ਮੈਂ ਚੰਗਾ ਕੀਤਾ

ਮਾਤਾ–ਜ਼ਰਾ ਵੀ ਨਹੀਂ ਪਾਪੀਆ ਤੂੰ ਸੋਚਿਆ ਵਿਚਾਰਿਆ
ਮਾਇਆ ਉਤੇ ਬੇਈਮਾਨ ਹੋਗਿਉਂ ਨਕਾਰਿਆ
ਗੁਰੂ ਨਾਲ ਕੀਤੀ ਬੇਵਫਾਈ ਗੰਗੂਆ
ਇਹ ਤੂੰ ਮੰਦਾ ਕੀਤਾ
ਇਹ ਤੂੰ ਮੰਦਾ ਕੀਤਾ

ਗੰਗੂ– ਬੜਾ ਪਛਤਾਇਆ ਥੋਨੂੰ ਨਗਰੀ ਲਿਆ ਕੇ
ਆਪਣੀ ਮੈਂ ਜਿੰਦ ਨੂੰ ਮੁਸੀਬਤਾਂ 'ਚ ਪਾ ਕੇ
ਥੋਡੀ ਜਾਨ ਚੋਰਾਂ ਤੋਂ ਬਚਾਈ ਅੰਮੀਏ
ਇਹ ਮੈਂ ਚੰਗਾ ਕੀਤਾ
ਇਹ ਮੈਂ ਚੰਗਾ ਕੀਤਾ

ਮਾਤਾ—ਗੰਗਾ ਰਾਮ ਦਸ ਏਥੇ ਚੋਰ ਕਿਹੜਾ ਆਇਆ ਏ
ਤੂੰ ਤਾਂ ਬੁੱਢੀ ਮਾਂ ਦੇ ਕਲੇਜੇ ਹੱਥ ਪਾਇਆ ਏ
ਦਿਲ ਦਾ ਕਠੋਰ ਤੂੰ ਕਸਾਈ ਗੰਗੂਆ
ਇਹ ਤੂੰ ਮੰਦਾ ਕੀਤਾ
ਇਹ ਤੂੰ ਮੰਦਾ ਕੀਤਾ

ਗੰਗੂ—ਮੈਨੂੰ ਅਲਜ਼ਾਮ ਤੁਸੀਂ ਚੋਰੀ ਦਾ ਜੇ ਲਾਉਗੇ
ਅਪਣੀ ਕੀਤੀ ਦੀ ਸਜ਼ਾ ਆਪ ਤੁਸੀਂ ਪਾਉਗੇ
ਕੋਰੀ ਕੋਰੀ ਤੁਸਾਂ ਨੂੰ ਸੁਣਾਈ ਅੰਮੀਏ
ਇਹ ਮੈਂ ਚੰਗਾ ਕੀਤਾ
ਇਹ ਮੈਂ ਚੰਗਾ ਕੀਤਾ

ਮਾਤਾ—ਇਹ ਵੀ ਸਮਾਂ ਪਾਪੀਆ ਸ਼ਤਾਬੀ ਬੀਤ ਜਾਏਗਾ
ਕੋਈ ਬੰਦਾ ਸਿੰਘ ਸਾਡਾ ਤੇਗ਼ ਲੈ ਕੇ ਆਏਗਾ
ਕਰੇਗਾ ਹਿਸਾਬ ਪਾਈ ਪਾਈ ਗੰਗੂਆ
ਇਹ ਤੂੰ ਮੰਦਾ ਕੀਤਾ
ਇਹ ਤੂੰ ਮੰਦਾ ਕੀਤਾ ।

o o o

18

ਸੰਤ ਮੁਰਾਲੇ ਵਾਲੇ

ਅੱਜ ਸੰਤ ਮੁਰਾਲੇ ਵਾਲੇ ਦੀ
ਪੰਜਤਾਲਵੀਂ ਬਰਸੀ ਆਈ ਏ
ਭਰਮਾਂ ਦੇ ਨ੍ਹੇਰੇ ਉੱਡ ਗਏ
ਰੁਸ਼ਨਾਈ ਹੀ ਰੁਸ਼ਨਾਈ ਏ
ਉਹ ਸੰਤ ਤਾਂ ਹਾਜ਼ਿਰ ਨਾਜ਼ਰ ਨੇ
ਉਨ੍ਹਾਂ ਸੂਰਤ ਕਦੋਂ ਛੁਪਾਈ ਏ
ਪਰ ਨਜ਼ਰ ਉਨ੍ਹਾਂ ਨੂੰ ਆਉਂਦੇ ਨੇ
ਜਿਨ੍ਹਾਂ ਹਿਰਦਿਆਂ ਵਿਚ ਸਫਾਈ ਏ

ਉਹਦੀ ਪਾਕ ਪਵਿੱਤਰ ਵਰਸੀ ਤੇ
ਸਿੰਘ ਹੁੰਮ ਹੁਮਾ ਕੇ ਆਏ ਨੇ
ਅੰਬਰ ਦੇ ਸਭਨਾਂ ਦੇਵਤਿਆਂ
ਉਹਦੀ ਮੜ੍ਹੀ ਤੇ ਫੁਲ ਵਰਸਾਏ ਨੇ

ਸਾਨੂੰ ਜ਼ਿੰਦਗੀ ਦੇ ਗਏ ਬਾਬਾ ਜੀ
ਫੜ ਕਾਲ ਦੀ ਧੌਣ ਮਰੋੜ ਗਏ
ਉਹ ਧਰਮ ਦੀ ਬੇੜੀ ਤਾਰ ਗਏ
ਪਾਪਾਂ ਦੀ ਬੇੜੀ ਬੋੜ ਗਏ
ਸੰਸਾਰ ਦੀ ਝੂਠੀ ਮਾਇਆ ਤੋਂ
ਸਾਡਾ ਬਿਲਕੁਲ ਰਿਸ਼ਤਾ ਤੋੜ ਗਏ
ਤੇ ਗੁਰੂ ਗ੍ਰੰਥ ਦੇ ਚਰਨਾਂ ਨਾਲ
ਸਾਨੂੰ ਪਕਿਆਂ ਕਰਕੇ ਜੋੜ ਗਏ

ਸੰਤਾਂ ਦੇ ਦੱਸਿਆਂ ਰਾਹਾਂ ਤੇ
ਜੋ ਲੋਕ ਪਰੇਡੇ ਚਲੇ ਗਏ
ਮੰਜ਼ਲ ਨੀ ਲੱਭੀ ਉਹਨਾਂ ਨੂੰ
ਬੱਸ ਖਾਂਦੇ ਠੇਡੇ ਚਲੇ ਗਏ !!

ਵਾਹ ! ਪ੍ਰੇਮ ਦੇ ਸੋਮੇ ਪ੍ਰੇਮ ਸਿੰਘ
ਸਾਨੂੰ ਸਿੱਖੀ ਪਿਆਰ ਸਿਖਾਇਆ ਏ
ਸਭ ਸੰਤ ਤਾਬਿਆ ਬੈਠੇ ਨੇ
ਇਹ ਗੁਰੂ ਗ੍ਰੰਥ ਦੀ ਛਾਇਆ ਏ
ਗੁਰੂ ਘਰ ਦੇ ਰਾਗੀ ਸਿੰਘਾਂ ਨੇ
ਜਸ ਦਸਾਂ ਗੁਰਾਂ ਦਾ ਗਾਇਆ ਏ
ਅੱਜ ਬੇਗੋਆਲ ਦੀ ਧਰਤੀ ਤੇ
ਖੁਦ ਰੱਬ ਉਤਰ ਕੇ ਆਇਆ ਏ

ਵਿਪਤਾ ਵਿਚ ਘਿਰਿਆ ਦਿਸਦਾ ਏ
ਮੇਰੀ ਕੌਮ ਦਾ ਚਾਰ ਚੁਫੇਰਾ ਏ
ਇਕ ਸੰਤਾਂ ਦੇ ਘਰ ਚਾਨਣ ਹੈ
ਬਾਕੀ ਸਭ ਨੇਰ੍ਹਾ ਨੇਰ੍ਹਾ ਏ !!

ਜਿਥੋਂ ਦੀ ਲੰਘਦੇ ਪ੍ਰੇਮ ਸਿੰਘ
ਹਰ ਬਦਲੀ ਫੁੱਲ ਵਰਸਾਉਂਦੀ ਸੀ
ਉਹ ਕੌਮ ਦੇ ਸੱਚੇ ਸੇਵਕ ਸਨ
ਸੇਵਾ ਹੀ ਮਨ ਨੂੰ ਭਾਉਂਦੀ ਸੀ
ਕੋਈ ਲਾਲਚ ਨਹੀਂ ਸੀ. ਸੰਤਾਂ ਨੂੰ
ਤ੍ਰੱਕ ਮਾਇਆ ਥਰ ਥਰਾਉਂਦੀ ਸੀ
ਨਹੀਂ ਕੁਰਸੀ ਦੇ ਵਲ ਸੰਤ ਗਏ
ਸੰਤਾਂ ਵਲ ਕੁਰਸੀ ਆਉਂਦੀ ਸੀ

ਹਰਨਾਮ ਸਿੰਘ ਜੀ ਆ ਏਥੇ
ਜੰਗਲ ਵਿਚ ਮੰਗਲ ਲਾਇਆ ਏ
ਕੋਈ ਸੁਰਗ ਨਹੀਂ ਹੈ ਅਰਸ਼ਾਂ ਤੇ
ਧਰਤੀ ਨੂੰ ਸੁਰਗ ਬਣਾਇਆ ਏ

ਗੁਰ ਨਾਵੇਂ ਮੱਖਣ ਸ਼ਾਹ ਦਾ ਜਦ
ਡੁਬਦਾ ਜਾਹਾਜ਼ ਬਚਾਇਆ ਸੀ
''ਗੁਰ ਲਾਧੋ ਰੇ ਗੁਰ ਲਾਧੋ ਰੇ''
ਮੱਖਣ ਸ਼ਾਹ ਸ਼ੋਰ ਮਚਾਇਆ ਸੀ
ਗੁਰ ਤੇਗ ਬਹਾਦਰ ਧਰਮ ਲਈ
ਦਿੱਲੀ ਜਾ ਸਿਰ ਕਟਵਾਇਆ ਸੀ
ਸੰਸਕਾਰ ਲਈ ਘਰ ਲੱਖਾਂ ਦਾ
ਲਖੀ ਸ਼ਾਹ ਫੂਕ ਜਲਾਇਆ ਸੀ

ਇਕ ਪਰਗਟ ਕੀਤਾ ਸਤਿਗੁਰ ਨੂੰ
ਇਕ ਕੀਤਾ ਕੰਮ ਛੁਪਾਣੇ ਦਾ
ਇਹ ਵੀ ਸੀ ਕੌਮ ਲੁਬਾਣੇ ਦਾ
ਉਹ ਵੀ ਸੀ ਕੌਮ ਲੁਬਾਣੇ ਦਾ ।

ਇਹ ਦੁਨੀਆਂ ਤਾਂ ਰੁੜ੍ਹ ਚੱਲੀ ਸੀ
ਸੰਤਾਂ ਨੇ ਆਣ ਬਚਾਈ ਏ
ਨਾਨਕ ਦੀ ਮਹਿਮਾ ਸੰਤਾਂ ਨੇ
ਚੁੱਕ ਅੰਬਰ ਤੱਕ ਪਹੁੰਚਾਈ ਏ
ਮੈਂ ਤਾਂ ਇੱਕ ਨਿਰਗੁਣ ਬੰਦਾ ਹਾਂ
ਮੇਰੀ ਔਕਾਤ ਨਾ ਕਾਈ ਏ
ਸੰਤਾਂ ਦੀ ਮਹਿਮਾ ਗੁਰ ਅਰਜਣ
ਸੁਖਮਨੀ ਸਾਹਿਬ ਵਿਚ ਗਾਈ ਏ

ਸੰਤਾਂ ਦੇ ਛੱਡ ਕੇ ਰਾਹਾਂ ਨੂੰ
ਅਸੀਂ ਕਿਹੜੇ ਪਾਸੇ ਪੈ ਗਏ ਆਂ
ਕਿੱਧਰ ਨੂੰ ਕੌਮ ਲਿਜਾਉਣੀ ਸੀ
ਅਸੀਂ ਕਿੱਧਰ ਚੁੱਕ ਕੇ ਲੈ ਗਏ ਆਂ

ਦੁੱਖ ਦੇ ਗਏ ਉਹ ਵੀ ਅਪਣੇ ਸੀ
ਦੁੱਖ ਜਰ ਗਏ ਉਹ ਵੀ ਅਪਣੇ ਸੀ
ਜੋ ਜਿੱਤ ਗਏ ਉਹ ਵੀ ਆਪਣੇ ਸੀ
ਜੋ ਹਾਰ ਗਏ ਉਹ ਵੀ ਅਪਣੇ ਸੀ

ਜੋ ਡੁਬ ਗਏ ਉਹ ਵੀ ਅਪਣੇ ਸੀ
ਜੋ ਤਰ ਗਏ ਉਹ ਵੀ ਅਪਣੇ ਸੀ
ਜਿਨ੍ਹਾਂ ਮਾਰੇ ਉਹ ਵੀ ਅਪਣੇ ਸੀ
ਜਿਹੜੇ ਮਰ ਗਏ ਉਹ ਵੀ ਅਪਣੇ ਸੀ

ਸਾਨੂੰ ਕੀ ਲੱਭਾ ਸਾਨੂੰ ਕੀ ਮਿਲਿਆ
ਅਸੀਂ ਕੀ ਟੋਲਦੇ ਫਿਰਦੇ ਹਾਂ
ਪੁੱਤਰਾਂ ਦੇ ਬੁਝਿਆਂ ਸਿਵਿਆਂ ਦੀ
ਅਸੀਂ ਰਾਖ ਫੋਲਦੇ ਫਿਰਦੇ ਹਾਂ

ਫਿਰ ਆਵੇ ਬਾਬਾ ਪ੍ਰੇਮ ਸਿੰਘ
ਇਸ ਕੌਮ ਨਾਲ ਕੋਈ ਗੱਲ ਕਰੇ
ਬੀਮਾਰ ਚਰੋਕਾ ਤੜਫ ਰਿਹਾ
ਦੇਵੇ ਕੋਈ ਦਾਰੂ ਬੱਲ ਕਰੇ
ਸਾਡਾ ਸਾਥ ਦੋਬਾਰਾ ਫੇਰ ਕਰੇ
ਚਾਹੇ ਘੜੀ ਕਰੇ ਚਾਹੇ ਪਲ ਕਰੇ
ਸਾਡੀ ਕੌਮ ਦਾ ਮਸਲਾ ਹੱਲ ਕਰੋ
ਚਾਹੇ ਅੱਜ ਕਰੋ ਚਾਹੇ ਕੱਲ੍ਹ ਕਰੇ

ਇਹ ਵੰਨ ਸੁਵੰਨੇ ਆਗੂ ਨੇ
ਨਹੀਂ ਦੇਸ਼ 'ਚੋਂ ਫੁੱਟ ਮਿਟਾ ਸਕਦੇ
'ਸਫ਼ਰੀ' ਇਹ ਬੇੜੀ ਡੋਬਣਗੇ
ਨਹੀਂ ਪਾਰ ਕਿਨਾਰੇ ਲਾ ਸਕਦੇ ।

o o o

19

ਦਾੜ੍ਹੀ ਮੁੱਛਾਂ ਕੇਸ ਮਰਦ ਦੀ ਮਰਦ ਨਿਸ਼ਾਨੀ

ਐ ਕਲਗੀਧਰ ਦੇ ਸੂਰਮੇ ਤੇਰਾ ਕੁਈ ਨਾ ਸਾਨੀ
ਤੂੰ ਬੜੀ ਅਣੋਖੀ ਦੇਸ਼ ਲਈ ਕੀਤੀ ਕੁਰਬਾਨੀ
ਤੂੰ ਆਪ ਸ਼ਹੀਦੀ ਵਾਲੜੀ ਹੱਥ ਬੰਨ੍ਹੀ ਗਾਨੀ
ਤੇ ਬਖ਼ਸ਼ੀ ਆਪਣੇ ਦੇਸ਼ ਨੂੰ ਮੁੜ ਕੇ ਜ਼ਿੰਦਗਾਨੀ

ਘੋੜੇ ਸੋਹਣ ਤਬੇਲਿਆਂ ਵਿਚ ਮਰਦ ਮੈਦਾਨੀ
ਦਾੜ੍ਹੀ ਮੁੱਛਾਂ ਕੇਸ ਮਰਦ ਦੀ ਮਰਦ ਨਿਸ਼ਾਨੀ

ਤੈਨੂੰ ਦਸਮ ਪਿਤਾ ਨੇ ਬਖਸ਼ਿਆ ਚਿਹਰਾ ਨੂਰਾਨੀ
ਬਿਨ ਤੇਰੇ ਕੁਈ ਨੀ ਦੂਸਰਾ ਲਹੂਆਂ ਦਾ ਦਾਨੀ
ਤੂੰ ਹੋਣ ਦਿੱਤੀ ਨਹੀਂ ਖਾਲਸਾ ਗੁਰੂ ਘਰ ਦੀ ਹਾਨੀ
ਤੇ ਝੋਕ ਦਿੱਤੀ ਵਿਚ ਭੱਠਿਆਂ ਦੇ ਨਵੀਂ ਜੁਆਨੀ

ਤਾਹੀਉਂ ਗੁੱਡੀ ਚੜ੍ਹੀ ਏ ਤੇਰੀ ਅਸਮਾਨੀ
ਦਾੜ੍ਹੀ ਮੁੱਛਾਂ ਕੇਸ ਮਰਦ ਦੀ ਮਰਦ ਨਿਸ਼ਾਨੀ

ਤੂੰ ਰਣਭੂਮੀ ਵਿਚ ਦੁਸ਼ਮਣਾਂ ਦੇ ਮਾਰੇ ਫੱਕੇ
ਲੈ ਲੈਣ ਪੰਜੇ ਵਿਚ ਮੌਤ ਨੂੰ ਤੇਰੇ ਪੰਜੇ ਕੱਕੇ
ਜ਼ੇਰਾ ਤੇਰੀ ਇਕੋ ਗਰਜ ਨਾ ਡਿਗ ਪੈਣ ਦਹੱਕੇ
ਕਿਹੜਾ ਹੈ ਜੋ ਸੂਰਮਾਂ ਤੇਰੀ ਵਾ ਵਲ ਤੱਕੇ

ਤੈਥੋਂ ਡਰਦਾ ਭੱਜਾ ਭੀਮਚੰਦ ਵੱਡਾ ਅਭਿਮਾਨੀ
ਦਾੜ੍ਹੀ ਮੁੱਛਾਂ ਕੇਸ ਮਰਦ ਦੀ ਮਰਦ ਨਿਸ਼ਾਨੀ

ਤੇਰੀ ਤੇਗ ਤੋਂ ਡਰਦੀ ਮੌਤ ਵੀ ਪੜਸੂਹੀ ਨੱਸੀ
ਤੂੰ ਛਿਪੇ ਸੱਪ ਕੁਰੰਡੀਏ ਜਿਉਂ ਸਣ ਦੀ ਰੱਸੀ
ਜੋ ਸਿੰਘਾਂ ਉਤੇ ਆਫਤਾਂ ਦੀ ਬਦਲੀ ਵੱਸੀ
ਤੇਰੇ ਸਿਰ ਦੀ ਕੀਮਤ ਖਾਲਸਾ ਪਈ ਅੱਸੀ ਅੱਸੀ

ਇਕੋ ਵਾਰ ਕਰਾਈ ਗੋਰਿਆਂ ਨੂੰ ਚੇਤੇ ਨਾਨੀ
ਦਾੜ੍ਹੀ ਮੁੱਛਾਂ ਕੇਸ ਮਰਦ ਦੀ ਮਰਦ ਨਿਸ਼ਾਨੀ

ਕੁਈ ਸਿੰਘਾਂ ਦੀਆਂ ਕੁਰਬਾਨੀਆਂ ਸੰਸਾਰ ਨੂੰ ਪੁਛੇ
ਕਾਬਲ ਨੂੰ ਪੁਛੇ ਧਾਂਕ ਕੁਈ ਕੰਧਾਰ ਨੂੰ ਪੁਛੇ
ਕੋਈ ਖੂਬਸੂਰਤੀ ਯਾਰ ਦੀ ਪਿਆ ਯਾਰ ਨੂੰ ਪੁਛੇ
ਪਰ ਸਿੰਘ ਸੁਹੱਪਣ ਮੌਤ ਦਾ ਤਲਵਾਰ ਨੂੰ ਪੁਛੇ

ਵੀਹ ਵੀਹ ਦੁਸ਼ਮਣ ਵਿਨ੍ਹਦੀ ਤੇਰੀ ਇੱਕ ਇੱਕ ਕਾਨੀ
ਦਾੜ੍ਹੀ ਮੁੱਛਾਂ ਕੇਸ ਮਰਦ ਦੀ ਮਰਦ ਨਿਸ਼ਾਨੀ

ਦੇਖੇ ਕੁਈ ਸਿੰਘਾਂ ਵਲ ਅੱਖ ਉਘੇੜ ਕੇ ਦੇਖੇ
ਕਿਸਮਤ ਦੀਆਂ ਟਿੰਡਾਂ ਪੁਠੀਆਂ ਕੁਈ ਗੇੜ ਕੇ ਦੇਖੇ
ਕੋਈ ਮੱਥਾ ਨਾਲ ਅਸਾਡੜੇ ਤਾਂ ਭੇੜ ਕੇ ਦੇਖੇ
ਅਸੀਂ ਵਣ ਵਿਚ ਸੁੱਤੇ ਸ਼ੇਰ ਹਾਂ ਕੁਈ ਛੇੜ ਕੇ ਦੇਖੇ

ਸਾਡੇ ਸੀਨੇ ਦੇ ਵਿਚ ਅਣਖ ਦੀ ਆਵੇ ਤੁਗਿਆਨੀ
ਦਾੜ੍ਹੀ ਮੁੱਛਾਂ ਕੇਸ.............

ਟਿੱਡੀ ਦਲ ਵਾਂਗੂੰ ਚੜ੍ਹ ਪਏ ਜਦ ਪਾਕਿਸਤਾਨੀ
ਕੀਤੀ ਬੰਗਲਾ ਦੇਸ਼ ਦੀ ਉਨ੍ਹਾਂ ਬੜੀ ਵੀਰਾਨੀ
ਜਗਜੀਤ ਅਰੋੜੇ ਕੀਤਾ ਇੱਕ ਕਰਤਬ ਲਾਸਾਨੀ
ਇੱਕ ਲੱਖ ਕਰ ਲਏ ਕੈਦ ਓਸ ਨੇ ਪਾਕਿਸਤਾਨੀ

ਟਿੱਕਾ ਖਾਂ ਨੂੰ ਆਪਣੀ ਉਨ ਕਿਹਾ ਜ਼ਬਾਨੀ
ਦਾੜ੍ਹੀ ਮੁੱਛਾਂ ਕੇਸ ਮਰਦ ਦੀ ਮਰਦ ਨਿਸ਼ਾਨੀ ।

o o o

20

ਗ਼ਜ਼ਲ–ਸ਼ਹੀਦੀ

ਕਫ਼ਨ ਮੇਰੀ ਲਾਸ਼ ਤੇ ਪਾਉਂਦੇ ਪਏ ਨੇ
ਹੋਠਾਂ 'ਚ ਪਰ ਮੁਸਕਰਾਉਂਦੇ ਪਏ ਨੇ

ਮੈਨੂੰ ਤਾਂ ਕਾਤਿਲ ਨਸ਼ਾ ਮੌਤ ਦਾ ਹੈ
ਤੇਰੇ ਪੈਰ ਕਿਉਂ ਲੜਖੜਾਉਂਦੇ ਪਏ ਨੇ

ਮੰਡੀ 'ਚ ਇਹ ਲਾਸ਼ ਕਿਸ ਭਾ ਵਿਕੇਗੀ
ਵਪਾਰੀ ਅੰਦਾਜ਼ੇ ਲਗਾਉਂਦੇ ਪਏ ਨੇ

ਭੰਬਟ ਤਾਂ ਜਲ ਗਏ ਵਤਨ ਦੀ ਸ਼ਮ੍ਹਾ ਤੇ
ਇਹ ਜੁਗਨੂੰ ਕਿਉਂ ਜਗਮਗਾਉਂਦੇ ਪਏ ਨੇ

ਮੇਰੀ ਲਾਸ਼ ਨੂੰ ਹਾਲੀ ਲਾਂਬੂ ਨਾ ਲਾਇਓ
ਫਰਿਸ਼ਤੇ ਜਿਗਰ ਫੜਕੇ ਆਉਂਦੇ ਪਏ ਨੇ

ਗੋਲੀ ਜਿਨ੍ਹਾਂ ਮੇਰੀ ਛਾਤੀ 'ਚ ਮਾਰੀ
ਮੋਏ ਨੂੰ ਛਾਤੀ 'ਨਾ ਲਾਉਂਦੇ ਪਏ ਨੇ ?

ਹਾਏ ! ਕਿਹਦੀ ਕਿਸਮਤ ਦਾ ਤਾਰਾ ਟੁੱਟਾ ਏ
ਤਾਰੇ ਬੜੇ ਵੈਣ ਪਾਉਂਦੇ ਪਏ ਨੇ

ਜਿਨ੍ਹਾਂ ਨੂੰ ਇਸ਼ਕ ਲੱਗਾ ਅਪਣੇ ਵਤਨ ਦਾ
ਉਹ ਸੂਲੀ ਤੇ ਵੀ ਮੁਸਕਰਾਉਂਦੇ ਪਏ ਨੇ

ਮੇਰੀ ਲਾਜ ਰੱਖੀ ਖ਼ਬਰਦਾਰ ਹੋ ਜਾਉ
ਮੇਰੇ ਵੀ ਹਮੈਤੀ ਔਹ ਆਉਂਦੇ ਪਏ ਨੇ
ਜ਼ੁਲਮ ਨੂੰ 'ਸਫ਼ਰੀ' ਜੀ ! ਫਿਟਕਾਂ ਹੀ ਫਿਟਕਾਂ
ਸ਼ਹੀਦਾਂ ਦੇ ਗੁਣ ਲੋਕ ਗਾਉਂਦੇ ਪਏ ਨੇ ।

o o o

21

ਬਾਣੀ ਪੜ੍ਹਦਿਆਂ ਰੱਬੀ ਗਿਆਨ ਮਿਲਦਾ

ਓਸ ਦੇਸ਼ ਨੂੰ ਕਾਲਾ ਕਲੰਕ ਸਮਝੋ
ਜਿੱਥੇ ਸਿੱਖ ਨੂੰ ਨਹੀਂ ਸਨਮਾਨ ਮਿਲਦਾ
ਮਿਲਦੇ ਦੇਵਤੇ ਸਭੇ ਸਵਰਗ ਅੰਦਰ
ਸੱਚਾ ਇੱਕ ਵੀ ਨਹੀਂ ਇਨਸਾਨ ਮਿਲਦਾ
ਮੇਰੇ ਦੇਸ਼ ਦੇ ਨਿਘਰਵੇਂ ਆਗੂਆਂ ਦਾ
ਆਪੋ ਵਿਚ ਨਹੀਂ ਕੋਈ ਬਿਆਨ ਮਿਲਦਾ
ਸਾਡੇ ਨਾਲ ਹੀ ਕਿਸੇ ਇਨਸਾਫ ਕਰਨਾ
ਮੁਨਸਿਫ ਜੋ ਮਿਲਦਾ ਬੇਈਮਾਨ ਮਿਲਦਾ

ਜੋ ਵੀ ਮਿਲਦਾ ਘਸੁੰਨ ਦੇ ਨਾਲ ਮਿਲਦਾ
ਮੰਗਿਆਂ ਨਹੀਂ ਦੁਆਨੀ ਵੀ ਦਾਨ ਮਿਲਦਾ
ਸਿੱਧੇ ਰੱਬ ਦੇ ਆਸਰੇ ਪੜ੍ਹ ਬਾਣੀ
ਬਾਣੀ ਪੜ੍ਹਦਿਆਂ ਰੱਬੀ ਗਿਆਨ ਮਿਲਦਾ

ਬਾਣੀ ਸਹੀ ਸੰਦੇਸ਼ ਪ੍ਰਮਾਤਮਾ ਦਾ
ਬਾਣੀ ਜੀਵ ਦਾ ਜੀਵਨ ਸੁਆਰਦੀ ਏ
ਜਿਹੜੇ ਬੇੜੇ ਮਲਾਹ ਹੀ ਡੋਬ ਦਿੰਦੇ
ਉਨ੍ਹਾਂ ਬੇੜਿਆਂ ਨੂੰ ਬਾਣੀ ਤਾਰਦੀ ਏ !!
ਕੌੜੇ ਰਾਕਸ਼ ਦਾ ਤਪਦਾ ਕੜਾਹਾ ਹੀ ਨਹੀਂ
ਬਾਣੀ ਜਗਤ ਜਲੰਦੇ ਨੂੰ ਠਾਰਦੀ ਏ
ਬਾਣੀ ਮੌਤ ਤੇ ਉਹਦੇ ਫਰਿਸ਼ਤਿਆਂ ਨੂੰ
ਮੂਧੇ ਮੂੰਹ ਪਟਕਾ ਕੇ ਮਾਰਦੀ ਏ

ਬਿਨਾਂ ਪੜ੍ਹਿਆਂ ਸਵੇਰ ਨੂੰ ਮੂਲ ਮੰਤਰ
ਨਹੀਂ ਆਤਮਾ ਨੂੰ ਇਤਮੀਨਾਨ ਮਿਲਦਾ
ਬਾਣੀ ਚੰਨ ਤੋਂ ਚਾਨਣਾ ਵੱਧ ਕਰਦੀ
ਬਾਣੀ ਪੜ੍ਹਦਿਆਂ ਰੱਬੀ ਗਿਆਨ ਮਿਲਦਾ

ਜਿੱਥੇ ਗੁਰੂ ਗ੍ਰੰਥ ਦਾ ਵਾਸ ਹੋਵੇ
ਦਸਾਂ ਗੁਰਾਂ ਦਾ ਓਸ ਥਾਂ ਵਾਸ ਹੁੰਦਾ
ਆਸਾ ਰੱਖ ਜੋ ਆਸਾ ਦੀ ਵਾਰ ਗਾਏ
ਹੁੰਦੀ ਆਸ ਪੂਰੀ ਨਹੀਂ ਬੇਆਸ ਹੁੰਦਾ
ਦੇਂਦਾ ਰੱਬੀ ਅਨੰਦ ਅਨੰਦ ਸਾਹਿਬ
ਜਪੁਜੀ ਪੜ੍ਹੋ ਤਾਂ ਜਮਾਂ ਦਾ ਨਾਸ ਹੁੰਦਾ
ਸੁਖਮਨੀ ਤੋਂ ਸੁਖ ਹਜ਼ਾਰ ਮਿਲਦੇ
ਰਹਿਰਾਸ ਪੜ੍ਹਿਆਂ ਜੀਵਨ ਰਾਸ ਹੁੰਦਾ

ਖਿੜੇ ਹੋਏ ਗੁਲਾਬਾਂ ਦੀ ਗੱਲ ਛੱਡੋ
ਪੱਥਰ ਵਿਚ ਵੀ ਭੇਖ ਭਗਵਾਨ ਮਿਲਦਾ
ਬਾਣੀ ਪੜ੍ਹਿਆਂ ਬ੍ਰਹਮ ਦਾ ਪਤਾ ਲਗਦਾ
ਬਾਣੀ ਪੜ੍ਹਦਿਆਂ ਰੱਬੀ ਗਿਆਨ ਮਿਲਦਾ

ਨਾਵੇਂ ਪਾਤਸ਼ਾਹ ਦੇ ਬਲੀਦਾਨ ਵਰਗਾ
ਨਹੀਓਂ ਹੋਰ ਕਿਧਰੇ ਬਲੀਦਾਨ ਮਿਲਦਾ
ਸਾਡੇ ਮੱਥੇ ਦੇ ਤਿਲਕ ਵੀ ਤਿਲਕ ਜਾਂਦੇ
ਜੰਞੂ ਚੋਟੀ ਦਾ ਨਾ ਹੀ ਨਿਸ਼ਾਨ ਮਿਲਦਾ
ਮੰਜ਼ਲ ਕਿਹੜੀ ਮੁਸਾਫਰਾਂ ਮੱਲ ਲਈ ਏ
ਰਾਹ ਸਿੱਖੀ ਦਾ ਨਹੀਂ ਆਸਾਨ ਮਿਲਦਾ
ਮਿਲਦਾ ਦਿਲਾਂ ਦਾ ਜਾਨੀ ਜ਼ਰੂਰ ਮਿਲਦਾ
ਐਪਰ ਦੋਸਤਾ ਹੀਲ ਕੇ ਜਾਨ ਮਿਲਦਾ

ਜਿਹੜੇ ਮੰਦਰ ਮਸੀਤ ਤੇ ਝਗੜਦੇ ਨੇ
ਨਾ ਹੀ ਰਾਮ ਮਿਲਦਾ ਨਾ ਰਹਿਮਾਨ ਮਿਲਦਾ
ਬਾਣੀ ਪੜ੍ਹਦਿਆਂ ਰੱਬ ਮਹਿਸੂਸ ਹੁੰਦਾ
ਬਾਣੀ ਪੜ੍ਹਦਿਆਂ ਰੱਬੀ ਗਿਆਨ ਮਿਲਦਾ

ਟੋਡਰ ਮੱਲ ਹੈ ਪੂਜਣੇ ਯੋਗ ਸਿੰਘੋ
ਜਿਹਨੇ ਬਹੁਤ ਵੱਡਾ ਪਰਉਪਕਾਰ ਕੀਤਾ
ਮੋਹਰਾਂ ਵਟ੍ਹੇ ਖਰੀਦ ਕੇ ਭੋਏਂ ਜਿਹਨੇ
ਸਾਹਬਜ਼ਾਦਿਆਂ ਦਾ ਸੰਸਕਾਰ ਕੀਤਾ
ਅਸੀਂ ਪੂਜਦੇ ਨਬੀ ਖਾਂ ਗ਼ਨੀ ਖਾਂ ਨੂੰ
ਜਿਹਨੇਂ ਸਿੱਖੀ ਦਾ ਸਹੀ ਸਤਿਕਾਰ ਕੀਤਾ
ਕੰਧੇ ਪਿਤਾ ਦਸ਼ਮੇਸ਼ ਦਾ ਪਲੰਗ ਚਾ ਕੇ
ਲਖੀ-ਸ਼ਾਹ ਵਰਗਾ ਜੰਗਲ ਪਾਰ ਕੀਤਾ

ਵੱਜਦਾ ਸਾਡੇ ਕਲੇਜੇ 'ਚ ਤੀਰ ਜਿਸ 'ਲੇ
ਸੁੱਚਾ ਨੰਦ ਵਰਗਾ ਬੇਈਮਾਨ ਮਿਲਦਾ
ਸੱਚੇ ਰੱਬ ਦੀ ਅਸੀਂ ਮਖਲੂਕ ਸਫ਼ਰੀ
ਬਾਣੀ ਪੜ੍ਹਦਿਆਂ ਰੱਬੀ ਗਿਆਨ ਮਿਲਦਾ ।

o o o

22

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

ਜੱਸਾ ਸਿੰਘ ਜਰਨੈਲ ਸੀ ਰਾਮਗੜ੍ਹੀਆ
ਚੰਗਾ ਜੱਗ ਤੇ ਨਾਮ ਕਮਾ ਗਿਆ ਏ
ਜਿਵੇਂ ਚੰਨ ਅਕਾਸ਼ ਤੇ ਚਮਕਦਾ ਏ
ਰਾਮਗੜ੍ਹੀਆਂ ਦਾ ਨਾਮ ਚਮਕਾ ਗਿਆ ਏ
ਅੰਮ੍ਰਿਤਸਰ ਲਾਹੌਰ ਦੀ ਗੱਲ ਛੱਡੋ
ਦਿੱਲੀ ਤੱਕ ਵੀ ਰਾਜ ਕਮਾ ਗਿਆ ਏ
ਗੁਰੂ ਤੇਗ ਬਹਾਦਰ ਦਾ ਬੀਰ ਜੋਧਾ
ਅਪਣੀ ਤੇਗ ਦੇ ਜੌਹਰ ਦਿਖਾ ਗਿਆ ਏ

ਏਨੀ ਸਿੱਖ ਸਰਕਾਰ ਮਜ਼ਬੂਤ ਹੋਈ
ਅਹਿਮਦ ਸ਼ਾਹ ਅਬਦਾਲੀ ਵੀ ਡਰ ਗਿਆ ਸੀ
ਸਿੱਖ ਰਾਜ ਦੀ ਨੀਂਹ ਰਣਜੀਤ ਸਿੰਘ ਤੋਂ
ਜੱਸਾ ਸਿੰਘ ਤਾਂ ਪਹਿਲੋਂ ਹੀ ਧਰ ਗਿਆ ਸੀ

ਰਾਮਗੜ੍ਹੀਆਂ ਦੇ ਨਾਂ ਤੇ ਰਾਮਗੜ੍ਹ ਦਾ
ਪੱਕਾ ਕਿਲ੍ਹਾ ਉਸਾਰਿਆ ਜੱਸਾ ਸਿੰਘ ਨੇ
ਲਾਲ ਕਿਲ੍ਹੇ ਦੀ ਕੰਧ ਤੇ ਖੜ੍ਹਾ ਹੋ ਕੇ
ਮੁਗ਼ਲਾਂ ਤਾਈਂ ਵੰਗਾਰਿਆ ਜੱਸਾ ਸਿੰਘ ਨੇ
ਅਸਲ ਨਕਲ ਦੀ ਉਹਨੇ ਪਛਾਣ ਕੀਤੀ
ਦੁਧੋਂ ਪਾਣੀ ਨਤਾਰਿਆ ਜੱਸਾ ਸਿੰਘ ਨੇ
ਨੇੜੇ ਢੁੱਕਿਆ ਦੇਸ਼ ਦਾ ਕੋਈ ਸ਼ਤਰੂ
ਪਟਕ ਪਟਕ ਕੇ ਮਾਰਿਆ ਜੱਸਾ ਸਿੰਘ ਨੇ ।

ਕਿਸੇ ਭਾਗਸ਼ਾਲੀ ਮਾਂ ਦੇ ਹੀਰਿਆ ਓਏ
ਤੇਰੇ ਤੁਲ ਤਾਂ ਹੀਰੇ ਵੀ ਤੁੱਲਦੇ ਨਹੀਂ
ਵੱਡੇ ਵੱਡੇ ਛਤਰ ਛੱਤਰ ਧਾਰੀਆਂ ਦੇ
ਤੇਰੇ ਪੈਰਾਂ ਦੀ ਜੁੱਤੀ ਦੇ ਮੁੱਲਦੇ ਨਹੀਂ

ਰਾਮਗੜ੍ਹੀਆਂ ਦੀ ਮਿਸਲ ਤੇ ਅਸੀਂ ਬਾਨੀ
ਭਲਾ ਪੰਥ ਦਾ ਕੀਤਾ ਤਾਂ ਅਸੀਂ ਕੀਤਾ
ਸੀਸ ਮੱਸੇ ਦਾ ਲਾਹਿਆ ਤਾਂ ਅਸੀਂ ਲਾਹਿਆ
ਮਾਣ ਗੁਰਾਂ ਤੋਂ ਲੀਤਾ ਤਾਂ ਅਸਾਂ ਲੀਤਾ
ਤੋਪੋਂ ਤੋਪਾਂ ਦੇ ਤੋੜੇ ਤਾਂ ਅਸੀਂ ਤੋੜੇ
ਲਹੂ ਗੋਰੇ ਦਾ ਪੀਤਾ ਤਾਂ ਅਸੀਂ ਪੀਤਾ
ਡੂੰਘੇ ਸੰਨ ਸਨਤਾਲੀ 'ਚ ਜ਼ਖ਼ਮ ਖਾ ਕੇ
ਜ਼ਖ਼ਮ ਦੇਸ਼ ਦਾ ਸੀਤਾ ਤਾਂ ਅਸੀਂ ਸੀਤਾ ।

ਮੂਧੇ ਮੂੰਹ ਅਯੂਬ ਨੂੰ ਮਾਰਿਆ ਨਹੀਂ ?
ਯਈਆ ਖਾਨੀਏ ਗਿਚੀਉਂ ਫੜੇ ਨਹੀਂ ਗੇ ?
ਕਿਹੜਾ ਮੋਰਚਾ ਏ ਜਿਥੇ ਰਾਮਗੜ੍ਹੀਏ
ਹਿੱਕਾਂ ਕੱਢ ਕੇ ਵੈਰੀ, ਨਾ ਲੜੇ ਨਹੀਂ ਗੇ ?

ਦਿੱਲੀ ਰੋਹਤਕ ਦੇ ਖੂਨੀ ਜਰਵਾਣਿਆਂ ਸੰਗ
ਕੀਤੀ ਘੋਰ ਲੜਾਈ ਤਾਂ ਜੱਸਾ ਸਿੰਘ ਨੇ
ਬੜਾ ਜ਼ਾਲਮ ਨਵਾਬ ਹਿਸਾਰ ਦਾ ਸੀ
ਉਹਦੀ ਧੌਣ ਨਿਵਾਈ ਤਾਂ ਜੱਸਾ ਸਿੰਘ ਨੇ
ਮੁਸ਼ਕਾਂ ਬੰਨ੍ਹ ਕੇ ਉਹਦੀਆਂ ਉਹਦੇ ਕੋਲੋਂ
ਬ੍ਰਹਿਮਣ ਲੜਕੀ ਛੁਡਾਈ ਤਾਂ ਜੱਸਾ ਸਿੰਘ ਨੇ
ਮੂੰਹ ਤੋੜ ਕੇ ਮੁਗ਼ਲ ਜਰਵਾਣਿਆਂ ਦੇ
ਅਪਣੀ ਮਿਸਲ ਚਮਕਾਈ ਤਾਂ ਜੱਸਾ ਸਿੰਘ ਨੇ

ਉਹ ਸੀ ਪੰਥ ਪਿਆਰੇ ਦਾ ਸਹੀ ਸੇਵਕ
ਉੱਚੀ ਵਤਨ ਦੇ ਵਾਸਤੇ ਬਾਂਹ ਕਰ ਗਿਆ
ਮੁਗ਼ਲ ਸ਼ਾਹੀ ਨੂੰ ਪਕੜ ਕੇ ਗਿੱਟਿਆਂ ਤੋਂ
ਲੱਤਾਂ ਤਾਂਹ ਕਰ ਗਿਆ ਸਿਰ ਠਾਂਹ ਕਰ ਗਿਆ

ਗੁਰੂ ਨਾਨਕ ਤੇ ਪਿਤਾ ਦਸ਼ਮੇਸ਼ ਜੀ ਦੇ
ਨਾਂ ਦਾ ਸਿੱਕਾ ਚਲਾਇਆ ਤਾਂ ਜੱਸਾ ਸਿੰਘ ਨੇ
ਰਾਮਦਾਸ ਦਾ ਸਿਮਰ ਕੇ ਨਾਮ, ਕਿਲ੍ਹਾ
ਰਾਮਗੜ੍ਹ ਬਣਵਾਇਆ ਤਾਂ ਜੱਸਾ ਸਿੰਘ ਨੇ
ਬਾਰਾਂ ਮਿਸਲਾਂ ਦੇ ਨਾਲ ਪਿਆਰ ਪਾ ਕੇ
ਸਿੱਖੀ ਪਿਆਰ ਵਧਾਇਆ ਤਾਂ ਜੱਸਾ ਸਿੰਘ ਨੇ
ਲਾਲ ਕਿਲ੍ਹੇ ਦੀ ਲਾਲ ਦੀਵਾਰ ਉਤੇ
ਕੌਮੀ ਝੰਡਾ ਝੁਲਾਇਆ ਤਾਂ ਜੱਸਾ ਸਿੰਘ ਨੇ

ਝੰਡਾ ਚੁੱਕਿਆ ਓਸ ਨੇ ਏਕਤਾ ਦਾ
ਬੂਹੇ ਦੂਈ ਦੁਵੈਖ ਦੇ ਭੇੜ ਦਿਤੇ
ਫੜਕੇ ਤੇਗ ਦਸਮੇਸ਼ ਦੇ ਸੂਰਮੇਂ ਨੇ
ਮੁਗਲ ਸ਼ਾਹੀ ਦੇ ਬਖੀਏ ਉਧੇੜ ਦਿਤੇ

ਝੋਲੀ ਚੁੱਕ ਅੰਗਰੇਜ਼ ਦੇ ਰਾਜ ਅੰਦਰ
ਰਹੇ ਸੱਜੇ ਤੇ ਖੱਬੇ ਉਹ ਅਸੀਂ ਨਹੀਂ ਆਂ
ਭਗਤ ਸਿੰਘ ਵਿਰੁੱਧ ਗਵਾਹੀ ਦੇ ਕੇ
ਜਿਨ੍ਹਾਂ ਲੀਤੇ ਮੁਰੱਬੇ ਉਹ ਅਸੀਂ ਨਹੀਂ ਆਂ
ਜੈ ਚੰਦ ਦੇ ਵਾਂਗ ਧਰੋਹ ਕਰਕੇ
ਲਾਏ ਵਤਨ ਨੂੰ ਧੱਬੇ ਉਹ ਅਸੀਂ ਨਹੀਂ ਆਂ
ਅਸੀਂ ਸਿੱਖੀ ਦੀ ਛਬ ਨਿਖਾਰਦੇ ਹਾਂ
ਜਿਨ੍ਹਾਂ ਚੁੱਕ ਲਏ ਛੱਬੇ ਉਹ ਅਸੀਂ ਨਹੀਂ ਆਂ

ਜਦ ਵੀ ਕਿਸੇ ਜਰਵਾਣੇ ਨੇ ਤੇਗ ਚੁੱਕੀ
ਅਸੀਂ ਢਾਲ ਉਤੇ ਵਾਰ ਰੋਕਿਆ ਏ
ਅਸੀਂ ਝੁਕੇ ਨਹੀਂ ਕਦੇ ਵੀ ਜ਼ੁਲਮ ਅਗੇ
ਮੂੰਹ ਮੌਤ ਦੇ ਵੈਰੀ ਨੂੰ ਝੋਕਿਆ ਏ

ਦਰਦੀ ਦਿਲਾਂ ਦੇ ਮੇਰੇ ਦਸ਼ਮੇਸ਼ ਦਾਤਾ !
ਆਸ ਅਸਾਂ ਦੀ ਪੂਰੀ ਦਾਤਾਰ ਕਰਦੇ
ਅਸੀਂ ਸਿਖੀ ਪੈਰਾਵਾ ਤਾਂ ਪਾ ਲਿਆ ਹੈ
ਸਿੱਖੀ ਨਾਲ ਨੀਂ ਅਸੀਂ ਪਿਆਰ ਕਰਦੇ

[79]

ਕਿੱਕਰ ਬੀਜ ਕੇ ਦਾਖਾਂ ਨੂੰ ਲੋਚਦੇ ਹਾਂ
ਰਹੇ ਕਿੱਦਾਂ ਦਾ ਅਸੀਂ ਬਿਉਪਾਰ ਕਰਦੇ
ਕਿਸ਼ਤੀ ਸਾਡੀ ਤੂਫਾਨਾਂ 'ਚ ਘਿਰੀ ਹੋਈ ਏ
ਜਾਂ ਤੂੰ ਆਰ ਕਰਦੇ ਜਾਂ ਤੂੰ ਪਾਰ ਕਰਦੇ

ਦਾਤਾ ! ਭੇਜ ਕੋਈ ਜੱਸਾ ਸਿੰਘ ਮੁੜ ਕੇ
ਜਿਹਨੇ ਕੌਮ ਦਾ ਮਹਿਲ ਉਸਾਰਨਾ ਏ
ਬੇੜੀ-ਡੋਬ ਮਲਾਹਾਂ ਦਾ ਪਤਾ ਕੁਈ ਨੀ
ਸਾਨੂੰ ਡੋਬਣਾ ਜਾਂ ਇਹਨਾਂ ਤਾਰਨਾ ਏ ।

o o o

23

ਦਸ਼ਮੇਸ਼ ਪਿਤਾ ਦਾ ਪੱਤਰ ਔਰੰਗਜ਼ੇਬ ਨੂੰ

ਮੇਰੇ ਕਲਗੀਧਰ ਦਸ਼ਮੇਸ਼ ਜੀ
ਪਿੰਡ ਕਾਂਗੜ ਪਹੁੰਚੇ ਆਨ
ਤੇ ਸ਼ਾਹ ਔਰੰਗਜ਼ੇਬ ਨੂੰ
ਇੱਕ ਲਿਖਿਆ ਖੱਤ ਮਹਾਨ
ਜਿਹੜਾ ਜ਼ਫਰਨਾਮੇ ਦੇ ਨਾਂ ਤੇ
ਹੈ ਉੱਘਾ ਵਿਚ ਜਹਾਨ
ਤੂੰ ਭਾਰਤ ਦਾ ਸ਼ਹਿਨਸ਼ਾਹ
ਔਰੰਗਜ਼ੇਬ ਬਲਵਾਨ
ਸਾਨੂੰ ਫਖਰ ਫਕੀਰੀ ਵੇਸ ਤੇ
ਤੈਨੂੰ ਤਾਜ ਤਖਤ ਤੇ ਮਾਨ
ਤੂੰ ਚਾਹੁਨੈ ਬਣ ਕੇ ਦੱਸਣਾ
ਇਕ ਸੱਚਾ ਮੁਸਲਮਾਨ
ਮਖਲੂਕ ਖੁਦਾ ਦੀ ਮਾਰਨੀ
ਕਦ ਕਹਿੰਦਾ ਪਾਕ ਕੁਰਾਨ
ਤੂੰ ਅੰਨ੍ਹਾ ਕਰਕੇ ਮਾਰਿਆ
ਪਿਉ ਆਪਣਾ ਸ਼ਾਹ ਜਹਾਨ
ਪਾਣੀ ਨਾ ਦਿਤਾ ਪੀਣ ਨੂੰ
ਉਹਦੀ ਰਹੀ ਤੜਫਦੀ ਜਾਨ
ਇਕ ਤਾਜ ਦੇ ਪਿਛੇ ਜ਼ਾਲਮਾ
ਤੂੰ ਕੀਤਾ ਲਹੂ ਲੁਹਾਨ
ਤੈਨੂੰ ਲੱਗੂ ਪਤਾ ਫਰਿਸ਼ਤਿਆਂ
ਜਦ ਕੱਢੀ ਤੇਰੀ ਜਾਨ

ਤੂੰ ਨਿਤ ਨਮਾਜ਼ ਗੁਜ਼ਾਰਦੈਂ
ਤੇ ਪੜ੍ਹਨੈ ਨਿਤ ਕੁਰਾਨ
ਤੇਰਾ ਇਕ ਵੀ ਸੁਜਦਾ ਜ਼ਾਲਮਾ
ਨਹੀਂ ਰੱਬ ਦੇ ਘਰ ਪਰਵਾਨ
ਕਰਤੂਤਾਂ ਜੋ ਤੂੰ ਕੀਤੀਆਂ
ਤੈਨੂੰ ਫਿਟਕਾਂ ਪਾਏ ਜਹਾਨ
ਮੇਰਾ ਅਮਰ ਰਹੇਗਾ ਖ਼ਾਲਸਾ
ਤੂੰ ਦੋ ਦਿਨ ਦਾ ਮਹਿਮਾਨ
ਜਦ ਬਾਕੀ ਹੀਲਾ ਨਾ ਰਹੇ
ਅਸੀਂ ਚੁੱਕਦੇ ਹਾਂ ਤਲਵਾਰ
ਮੇਰੇ ਸਿੰਘ ਸੂਰਮੇ ਕਿਸੇ ਤੇ
ਨਹੀਂ ਪਹਿਲਾਂ ਕਰਦੇ ਵਾਰ
ਭਾਵੇਂ ਨਹੀਂ ਅੱਖਾਂ ਸਾਮ੍ਹਣੇ
ਮੇਰੇ ਪੁੱਤਰ ਦਿਸਦੇ ਚਾਰ
ਚਾਰ ਮੂਏ ਤੋ ਕਿਆ ਹੂਆ
ਮੇਰੇ ਜੀਵਤ ਲੱਖ ਹਜ਼ਾਰ
ਚਮਕੌਰ ਸ਼ਹੀਦੀ ਪਾ ਗਏ
ਮੇਰੇ ਲਾਲ ਅਜੀਤ ਜੁਝਾਰ
ਦੋ ਨਨ੍ਹੇ ਮੁਨ੍ਹੇ ਚਿਣੇ ਗਏ
ਸਰਹੰਦ ਦੀ ਨੀਂਹ ਵਿਚਕਾਰ
ਕੀ ਹੋਇਆ ਮੇਰੀ ਅੱਗ ਦੇ
ਚੰਗਿਆੜੇ ਬੁੱਝ ਗਏ ਚਾਰ
ਮੇਰੇ ਸੀਨੇ ਦੇ ਵਿਚ ਭੜਕਦੇ
ਅੱਜ ਭਾਂਬੜ ਕਈ ਹਜ਼ਾਰ
ਤੂੰ ਕਲਮਾਂ ਪੜ੍ਹਦੈਂ ਨਬੀ ਦਾ
ਪਰ ਅੰਦਰੋਂ ਹੈਂ ਮੱਕਾਰ
ਤੂੰ ਕਸਮਾਂ ਖਾਧੀਆਂ ਝੂਠੀਆਂ
ਤੇਰਾ ਝੂਠਾ ਕੌਲ ਕਰਾਰ
ਤੂੰ ਹੱਟ ਚਲਾਇਆ ਕੁਫ਼ਰ ਦਾ
ਤੇਰਾ ਕੁਫ਼ਰ ਦਾ ਵਣਜ ਵਪਾਰ
ਆਖ਼ਿਰ ਵਿਚ ਪੈਣੇ ਜ਼ਾਲਮਾਂ
ਤੇਰੇ ਗਲ ਕੰਡਿਆਂ ਦੇ ਹਾਰ

o o o

ਆਟੇ ਦੀ ਝੂਠੀ ਗਊ ਤੇ
ਅਸੀਂ ਕਰ ਬੈਠੇ ਇਤਬਾਰ
ਮੈਂ ਬੁੱਤ ਸ਼ਿਕਨ ਹਾਂ ਪਾਪੀਆ
ਤੂੰ ਬੁੱਤ ਪੂਜਾਂ ਦਾ ਯਾਰ
ਤੇਰੇ ਕਦੇ ਗੁਨਾਹ ਨੀ ਬਖਸ਼ਣੇ
ਉਸ ਡਾਢੇ ਬਖਸ਼ਣਹਾਰ
ਕਰ 'ਸਫ਼ਰੀ' ਕੰਮ ਸਬਾਬ ਦੇ
ਇਹ ਛੱਡ ਚਲਣਾ ਸੰਸਾਰ ।

ਹੋਰ

ਮੇਰੇ ਖਤ ਨੂੰ ਪੜ੍ਹ ਕੇ ਜ਼ਾਲਮਾ ਨਹੀਂ ਕਰਨਾ ਜ਼ਾਇਆ
ਸੋਚੀਂ ਕਿੰਨਾ ਦੇਸ਼ ਤੇ ਤੂੰ ਕਹਿਰ ਕਮਾਇਆ

ਪਹੁੰਚ ਗਏ ਬੈਕੁੰਠ ਵਿਚ ਮੇਰੇ ਪੁੱਤਰ ਚਾਰੇ
ਅਜੇ ਤਾਂ ਫਨੀਅਰ ਖਾਲਸਾ ਰਿਹਾ ਮਾਰ ਫੁੰਕਾਰੇ

ਨੀਹਾਂ ਵਿਚ ਚਿਣਵਾ 'ਤਾ ਮਾਸੂਮਾਂ ਤਾਈਂ
ਸਜ਼ਾ ਪਵੇਗੀ ਭੁਗਤਣੀ ਨਾ ਦਿਲੋਂ ਭੁਲਾਈਂ

ਮੰਨਿਆਂ ਤੂੰ ਈਮਾਨਦਾਰ ਹੈਂ ਬਹੁਤਾ ਭਾਰਾ
ਅਸਲੋਂ ਬੇਈਮਾਨ ਤੂੰ ਸਾਰੇ ਦਾ ਸਾਰਾ

ਕੰਧਾਂ ਵਿਚ ਤੂੰ ਲਾਡਲੇ ਮੇਰੇ ਚਿਣਵਾਏ
ਹਰ ਫਰਿਸ਼ਤਾ ਅਰਸ਼ ਦਾ ਤੈਨੂੰ ਫਿਟਕਾਂ ਪਾਏ

ਦਸ ਲੱਖ ਤੇਰੇ ਸੂਰਮੇ ਸੀ ਚੜ੍ਹਕੇ ਆਏ
ਮੇਰੇ ਸਿੰਘਾਂ ਚਾਲੀਆਂ ਨੇ ਮਾਰ ਭਜਾਏ

ਸਿਰ ਦਿਤਾ ਨਾਵੇਂ ਪਾਤਸ਼ਾਹ ਨਹੀਂ ਸੀ ਉਚਾਰੀ
ਸਮਝ ਕਲੇਜੇ ਰੱਬ ਦੇ ਤੂੰ ਨਸ਼ਤਰ ਮਾਰੀ

ਨਬੀ ਖਾਨ ਤੇ ਗ਼ਨੀ ਖਾਨ ਨੇ ਸੇਵ ਕਮਾਈ
ਬੁਧੂ ਸ਼ਾਹ ਦੀ ਪਾਪੀਆ ਤੂੰ ਕਦਰ ਨਾ ਪਾਈ

ਗੁਰ ਅਰਜਨ ਨੇ ਵਿਤਕਰਾ ਨਾ ਕੀਤਾ ਕਾਈ
ਹਰਮੰਦਰ ਦੀ ਮੁਸਲਮਾਨ ਤੋਂ ਨੀਂਹ ਰਖਾਈ

ਤੂੰ ਨੀ ਕਰਦਾ ਨੇਕੀਆਂ ਐ ਸ਼ਾਹ ਔਰੰਗੇ
ਤੂੰ ਹਿੰਦੂਆਂ ਨੂੰ ਮਾਰਦੈਂ ਤੇਰੇ ਕੰਮ ਨੀ ਚੰਗੇ

ਜੋ ਮੰਦਰ ਦੇ ਵਿੱਚ ਰੱਬ ਹੈ, ਉਹ ਵਿੱਚ ਮਸੀਤੇ
ਤੂੰ ਅੱਲਾ ਤੇ ਭਗਵਾਨ ਦੇ ਵੀ ਟੁਕੜੇ ਕੀਤੇ

ਤੂੰ 'ਸਫ਼ਰੀ' ਕੀ ਜੱਗ ਤੇ ਆ ਖੱਟਿਆ ਲਾਹਾ
ਕਦੇ ਖੁਦਾ ਨੇ ਬਖਸ਼ਣਾ ਨਹੀਂ ਤੈਨੂੰ ਸ਼ਾਹਾ ।

o o o

24

ਮਾਤਾ ਭਾਗੋ ਮਹਾਂ ਸਿੰਘ ਨੂੰ

ਮਹਾਂ ਸਿੰਘਾ ਆ ਗਿਉਂ ਮੈਦਾਨ ਛੱਡ ਕੇ
ਸਿੰਘਾਂ ਦੇ ਕਲੇਜਿਆਂ 'ਚ ਤੀਰ ਗੱਡ ਕੇ

ਮਾਤਾ ਭਾਗੋ ਸਾਮ੍ਹਣੇ ਹਨ੍ਹੇਰ ਛਾ ਗਿਆ
ਸ਼ੇਰ ਕਿੱਦਾਂ ਗਿਦੜਾਂ ਤੋਂ ਹਾਰ ਖਾ ਗਿਆ

ਮਹਾਂ ਸਿੰਘਾ ਗੁਰਾਂ ਨਾਲੋਂ ਮੁਖ ਤੋੜ ਕੇ
ਸਿੱਖੀ ਨਾਲੋਂ ਆ ਗਿਉਂ ਪ੍ਰੀਤ ਤੋੜ ਕੇ

ਦਿਤਾ ਸੀ ਬੇਦਾਵਾ ਜਿਹੜਾ ਵਿੱਦ ਵਿੱਦ ਕੇ
ਆ ਗਿਉਂ ਅਜੀਤ ਦੀ ਤੂੰ ਲਾਸ਼ ਮਿੱਧ ਕੇ

ਪਹੁਲ ਪੀਣ ਵੇਲੇ ਕੋਈ ਹੋ ਗਈ ਭੁਲ ਵੇ
ਹੀਰਿਆ ਤੂੰ ਮਿੱਟੀ ਵਿਚ ਗਿਉਂ ਰੁਲ ਵੇ

ਤੀਰਾਂ 'ਨਾ ਸਰੀਰ ਵਿੰਨ੍ਹਿਆ ਜੁਝਾਰ ਦਾ
ਹੋਰ ਕੋਈ ਪਿਤਾ ਹੁੰਦਾ ਢਾਹਾਂ ਮਾਰਦਾ

ਪਿਤਾ ਦਸ਼ਮੇਸ਼ ਸਰਬੰਸ ਵਾਰਿਆ
ਅਪਣੇ ਲਹੂ 'ਚ ਸਾਡਾ ਬੇੜਾ ਤਾਰਿਆ

ਆ ਗਿਆ ਏਂ ਉਹਨੂੰ ਖੁਭਣਾ 'ਚ ਖੋਭ ਕੇ
ਮਰੋ ਪਰੇ ਚਪਣੀ 'ਚ ਨੱਕ ਡੋਬ ਕੇ

ਪਾ ਲਓ ਹੱਥੀ ਚੂੜੀਆਂ ਕਾਹਨੂੰ ਹੋ ਸੰਗਦੇ
ਸਿਰਾਂ ਤੇ ਦੁਪੱਟੇ ਲੈ ਲੈ ਸੂਹੇ ਰੰਗ ਦੇ

ਤੁਸੀਂ ਹੋ ਮਰਦ ਅਸੀਂ ਹਾਂ ਜਨਾਨੀਆਂ
ਵੈਰੀਆਂ ਦੇ ਤੀਰ ਖਾਣ ਅਸੀਂ ਜਾਨੀਆਂ

'ਸਫਰੀ'.ਗੁਰਾਂ ਨੂੰ ਹੈਸੀ ਇਹੋ ਲਾਲਸਾ
ਜੁੱਗ ਜੁੱਗ ਜੀਵੇ ਮੇਰਾ ਪੰਥ ਖ਼ਾਲਸਾ

'ਸਫਰੀ' ਜਹਾਨ ਦੀਆਂ ਗੱਲਾਂ ਕੱਚੀਆਂ
ਸੱਚਖੰਡ ਹੋਣਗੀਆਂ ਗੱਲਾਂ ਸੱਚੀਆਂ

o o o

25

ਮੇਰੀ ਮੜ੍ਹੀ ਤੇ ਮੇਰੀ ਕਿਰਪਾਨ ਰਖ ਦੇ

ਆਈ ਪਤੀ ਦੀ ਮੜ੍ਹੀ ਤੇ ਜਿੰਦ ਕੌਰਾਂ
ਉਭੇ ਸਾਹ ਲੈਂਦੀ ਭੁੰਜੇ ਲਹਿਣ ਲੱਗੀ
ਵਗਦੇ ਅੱਖਾਂ ਦੇ ਪਾਣੀ ਦੀ ਢਾ ਖਾ ਕੇ
ਕੱਚੀ ਕੰਧ ਵਾਂਗੂ ਖਰ ਕੇ ਢੈਣ ਲਗੀ
ਖੁਲ੍ਹੇ ਵਾਲ ਸਿਰ ਦੇ, ਸਿਰ ਦੇ ਸਾਈ ਬਾਝੋਂ
ਸੀਨੇ ਸੱਲ ਵਛੋੜੇ ਦਾ ਸਹਿਣ ਲਗੀ
ਢਾ ਮਾਰ ਕੇ ਢਾ ਲਿਆ ਮਹਿਲ ਮਨ ਦਾ
ਮੱਥਾ ਮਹਿਲ 'ਨਾ ਮਾਰ ਕੇ ਕਹਿਣ ਲਗੀ ।

ਮਰ ਕੇ ਆਪ ਜੇ ਕਰ ਮੈਨੂੰ ਮਾਰਨਾ ਸੀ
ਮੇਰਾ ਆਪ ਹੱਥੀਂ ਕਰ ਸਸਕਾਰ ਜਾਂਦੋਂ
ਦੁਸ਼ਮਨ ਰਾਜ ਦੇ ਦੂਤੀ ਧਿਆਨ ਸਿੰਘ ਨੂੰ
ਗਡਵਾ ਮਾਰਦੋਂ ਨਾ ਗੋਲੀ ਮਾਰ ਜਾਂਦੋਂ

ਮੇਰੇ ਕੀਰਨੇ ਸਮੇਂ ਦਾ ਰਾਗ ਬਣ ਗਏ
ਦੱਸਾਂ ਕਿਹਨੂੰ ਅਵਾਜ਼ ਬੁਲੰਦ ਕਰਕੇ
ਮੈਨੂੰ ਖੜੀ ਖੜੋਤੀ ਨੂੰ ਛੱਡ ਤੁਰਿਉਂ
ਕਿਧਰੇ ਬਹਿ ਗਿਓਂ ਮੌਤ ਪਸੰਦ ਕਰਕੇ
ਪਹਿਲਾਂ ਗਰਕ ਹੋਣੀ ਹੋਣੀ ਗਰਕ ਹੋਈ
ਮਗਰੋ ਫੁੱਟ ਪੈ ਗਈ ਤਿੱਖੇ ਦੰਦ ਕਰਕੇ
ਸ਼ੇਰਾ ਸੱਤਿਆ ਰਾਜ ਪੰਜਾਬ ਦੀ ਤੂੰ
ਇਕੋ ਅੱਖ 'ਚ ਲੈ ਗਿਉਂ ਬੰਦ ਕਰਕੇ

ਐਸੀ ਵਿਚ ਭਰਾਵਾਂ ਦੇ ਤੇਗ ਖੜਕੀ
ਸਿਰ ਉਡ ਗਏ ਸਿਰਾਂ ਤੋਂ ਤਾਜ ਉਡ ਗਏ
ਰਹਿ ਗਏ ਤੇਰੇ ਦਲੀਪ ਦੇ ਹੱਥ ਖਾਲੀ
ਸਣੇ ਸ਼ਾਜਰਾਂ ਹੱਥਾਂ 'ਚੋਂ ਬਾਜ ਉਡ ਗਏ

ਤੇਰੀ ਸਦਾ ਹੀ ਮਿਠੜੀ ਨੀਂਦ ਅੰਦਰ
ਸੁਤੇ ਘੂਕ ਪੰਜਾਬ ਦੇ ਭਾਗ ਸ਼ੇਰਾ
ਕਲ ਜਿਨ੍ਹਾਂ ਨੂੰ ਦੁਧ ਪਿਆਲਦਾ ਸੈਂ
ਬਣ ਗਏ ਅੱਜ ਕਰੁੰਡੀਏ ਨਾਗ ਸ਼ੇਰਾ
ਵਗਦੇ ਪੱਛਮੀ ਪੌਣ ਦੇ ਵਾਲਿਆਂ ਥੀਂ
ਬਲਦਾ ਬੁਝ ਗਿਆ ਤੇਰਾ ਚਰਾਗ ਸ਼ੇਰਾ
ਮੇਰੇ ਦਿਲ ਦੀ ਟੁੱਟੀ ਰਬਾਬ ਵਿਚੋਂ
ਬਣਕੇ ਕੀਰਨੇ ਨਿਕਲਿਆ ਰਾਗ ਸ਼ੇਰਾ

ਤੇਰੇ ਸਜਰੇ ਸਿਵੇ ਦੀ ਲਾਟ ਅੰਦਰ
ਲੱਟ ਲੱਟ ਪੰਜਾਬ ਦੀ ਸ਼ਾਨ ਸੜ ਗਈ
ਸੜਦਾ ਨੀਰ ਚੋਇਆ ਮੇਰੇ ਨੇਤਰਾਂ 'ਚੋਂ
ਲਾਈ ਜੀਭ ਤੇ ਮੇਰੀ ਜ਼ਬਾਨ ਸੜ ਗਈ

ਮੜ੍ਹੀਏ ਸ਼ੇਰ ਦੀਏ ! ਸੋਨੇ ਨਾਲ ਮੜ੍ਹੀਏ
ਮੋਤੀ ਲਾਲ ਜੜੀਏ ਕੁਝ ਤੇ ਬੋਲ ਅੜੀਏ
ਦਿਲ ਦਾ ਡੋਲ ਲਮਕੇ ਗ਼ਮ ਦੇ ਖੂਹ ਅੰਦਰ
ਡਾਵਾਂ ਡੋਲ ਡੌਲੇ ਪੈਂਦੇ ਡੋਲ ਅੜੀਏ
ਜਾਣ ਇਹ ਵੀ ਜਿੰਦਾਂ ਦੀ ਜਿੰਦ ਲੈ ਲੈ
ਮੇਰੀ ਖਾਕ ਵਿਚ ਖਾਕ ਨਾ ਰੋਲ ਅੜੀਏ
ਲਾਹ ਕੇ ਦਿਆਂ ਗਹਿਣੇ ਛੇਤੀ ਦੱਸ ਭੈਣੇ
ਮੇਰਾ ਕਿੱਥੇ ਲੁਕਾਇਆ ਏ ਢੋਲ ਅੜੀਏ !!

ਇਕ ਦਮ ਮੜ੍ਹੀ ਦੇ ਵਿੱਚੋਂ ਆਵਾਜ਼ ਆਈ
ਹੈਂ ਤੂੰ ਕਉਣ ਤੇ ਤੇਰਾ ਸੁਆਲ ਕੀ ਏ
ਖਾਨਦਾਨ ਦੀ ਗੱਲ ਤੇ ਛੱਡ ਜਿੰਦਾਂ
ਅੱਜਕਲ੍ਹ ਪੰਜਾਬ ਦਾ ਹਾਲ ਕੀ ਏ ?

ਘੁੱਗ ਵਸਦੇ ਮੇਰੇ ਪੰਜਾਬ ਉਤੇ
ਆਫਤ ਨਵੀਂ ਕੁਈ ਕਿਸੇ ਨੇ ਢਾਈ ਤਾਂ ਨਹੀਂ
ਕਿਨੇ ਫਿਰਕਾਪ੍ਰਸਤੀ ਦੀ ਚਿਣਗ ਪਾ ਕੇ
ਅੱਗ ਪੰਜਾਂ ਦਰਿਆਵਾਂ ਨੂੰ ਲਾਈ ਤਾਂ ਨਹੀਂ
ਫ਼ਤਿਹ ਕਾਬਲ ਕੰਧਾਰ ਤੇ ਪਾਈ ਸੀ ਮੈਂ
ਕਿਨੇ ਫ਼ਤਿਹ ਲਾਹੌਰ ਤੇ ਪਾਈ ਤਾਂ ਨਹੀਂ
ਗਊ ਜੇਹੀ ਹੈ ਮੇਰੀ ਪੰਜਾਬ ਜਿੰਦਾਂ
ਜਿੰਦ ਲੈਣ ਨੂੰ ਫਿਰਦੇ ਕਸਾਈ ਤਾਂ ਨਹੀਂ

'ਸਫ਼ਰੀ' ਸਿੱਖ ਸੁਆਰਥ ਨੇ ਮਾਰ ਲਏ ਨੇ
ਦੀਹਦੇ ਇਹ ਨਹੀਂ ਵਤਨ ਦੀ ਸ਼ਾਨ ਰਖਦੇ
ਮੜ੍ਹੀ ਪਾੜ ਕੇ ਮੈਂ ਨਿਕਲਾਂ ਬਾਹਰ ਇਕ ਵਰ
ਮੇਰੀ ਮੜ੍ਹੀ ਤੇ ਮੇਰੀ ਕਿਰਪਾਨ ਰੱਖ ਦੇ ।

o o o

26

ਚਲ ਓ ਸਿੰਘਾ ਚੱਲੀਏ ਨਨਕਾਣੇ

ਚਲ ਓ ਸਿੰਘਾ ! ਚੱਲੀਏ ਨਨਕਾਣੇ
ਉਥੇ ਗੁਰੂ ਨਾਨਕ ਦੇ ਅਸਲ ਟਕਾਣੇ

ਲਛਮਣ ਸਿੰਘ ਬੱਧਾ ਜੰਡ ਨਾ ਉਡੀਕਦਾ
ਭੱਠ ਵਿਚ ਮਹਿਕਦਾ ਏ ਪਿੰਜਰ ਦਲੀਪ ਦਾ
ਗਾਉਂਦੇ ਐ ਸ਼ਹੀਦ ਗੁਰੂ ਨਾਨਕ ਦੇ ਗਾਣੇ
ਚਲ ਓ ਸਿੰਘਾ ਚੱਲੀਏ ਨਨਕਾਣੇ !!

ਨਨਕਾਣਾ ਕਾਸ਼ੀ ਸਾਡੀ ਨਨਕਾਣਾ ਮੱਕਾ ਏ
ਪੁਜਣਾ ਜ਼ਰੂਰ ਉਥੇ ਮਨ ਸਾਡਾ ਪੱਕਾ ਏ
ਮੋੜ-ਮੋੜ ਉਏ ਸਿੰਘਾ ਮੋੜ-ਮੋੜ ਉਏ ਮੁਹਾਣੇ
ਚੱਲ ਓ ਸਿੰਘਾ ਚੱਲੀਏ ਨਨਕਾਣੇ !

ਬੀਬੀ ਨਾਨਕੀ ਨੂੰ ਸੀਸ ਦੇਵਤੇ ਨਿਵਾਉਂਦੇ ਨੇ
ਗੁਡੀਆਂ ਪਟੋਲੇ ਸਾਨੂੰ ਯਾਦ ਉਹਦੇ ਆਉਂਦੇ ਨੇ
ਰਿਸਦੇ ਪਏ ਨੇ ਸਾਡੇ ਜ਼ਖਮ ਪੁਰਾਣੇ
ਚਲ ਓ ਸਿੰਘਾ ਚੱਲੀਏ ਨਨਕਾਣੇ !

ਦਿਉ ਨਨਕਾਣਾ ਮੈਨੂੰ ਮੁੱਲ ਸਾਰਾ ਤਾਰ ਦਾਂ
ਇੱਕ ਮੁੱਠ ਮੁੱਠੀ ਤੋਂ ਪੰਜਾਬ ਸਾਰਾ ਵਾਰ ਦਾਂ
ਕਦੋਂ ਦੇ ਖੜੇ ਹਾਂ ਅਸੀਂ ਮੌਤ ਦੇ ਸਰ੍ਹਾਣੇ
ਚਲ ਓ ਸਿੰਘਾ ਚੱਲੀਏ ਨਨਕਾਣੇ !

○ ○ ○

27

ਰਬਾਬ ਦੀ ਤੂੰ ਤਾਰ ਨਾ ਸੁਣੀ

ਤੈਨੂੰ ਮਿੱਠਾ-ਮਿੱਠਾ ਲਗੇ ਸੰਸਾਰ
ਰਬਾਬ ਦੀ ਤੂੰ ਤਾਰ ਨਾ ਸੁਣੀ

ਤੇਰੇ ਨੈਣਾਂ ਵਿਚ ਝੂਠੀ ਝੂਠੀ ਤਾਰ
ਰਬਾਬ ਦੀ ਤੂੰ ਤਾਰ ਨਾ ਸੁਣੀ !!

ਰੱਬੀ ਨੂਰ ਇੱਕ ਨਨਕਾਣੇ ਵਿਚ ਆਇਆ ਏ
ਨੇਰ੍ਹੇ ਦਿਲਾਂ ਵਿਚ ਉਹਨੇ ਚਾਨਣ ਫੈਲਾਇਆ ਏ
ਉਡ ਪਾਪਾਂ ਵਾਲਾ ਗਿਆ ਏ ਗੁਬਾਰ
ਰਬਾਬ ਦੀ ਤੂੰ ਤਾਰ ਨਾ ਸੁਣੀ

ਗੁਰਾਂ ਨੇ ਸੱਜਣ ਜਹੇ ਠੱਗ ਨੂੰ ਵੀ ਤਾਰਿਆ
ਕੌਡੇ ਜਹੇ ਰਾਕਸ਼ਾਂ ਦਾ ਜਨਮ ਸੁਧਾਰਿਆ
ਕੀਤੇ ਤਪਦੇ ਕੜਾਹੇ ਠੰਢੇ ਠਾਰ
ਰਬਾਬ ਦੀ ਤੂੰ ਤਾਰ ਨਾ ਸੁਣੀ

ਮਲਕਾ ! ਤੂੰ ਘੋਰ ਪਾਪ ਨਿੱਤ ਦੇ ਕਮਾਨਾ ਏ
ਬੰਦਾ ਹੋ ਕੇ ਬੰਦਿਆਂ ਦੇ ਹੱਕ ਖਾਈ ਜਾਨਾ ਏ
ਤੈਨੂੰ ਦੌਲਤ ਦਾ ਬੜਾ ਹੈ ਹੰਕਾਰ
ਰਬਾਬ ਦੀ ਤੂੰ ਤਾਰ ਨਾ ਸੁਣੀ

ਬੋਲਦਾ ਜ਼ਬਾਨੋਂ ਤਾਂ ਤੂੰ ਕੌੜਾ ਫਿੱਕਾ ਬੋਲਦੈਂ
ਠੰਡੀਆਂ ਹਵਾਵਾਂ ਵਿਚ ਜ਼ਹਿਰ ਪਿਆ ਘੋਲਦੈਂ

ਲਾਉਨਾ ਗੁਰਾਂ ਤੋਂ ਬਿਨਾਂ ਨੀ ਕਿਸੇ ਪਾਰ
ਰਬਾਬ ਦੀ ਤੂੰ ਤਾਰ ਨਾ ਸੁਣੀ

ਪਾਂਧਿਆ ਪੜ੍ਹਾਈ ਕਿਹੜੀ ਮੈਨੂੰ ਤੂੰ ਪੜ੍ਹਾਉਨਾ ਏਂ
ਮੈਂ ਤਾਂ ਤੇਰੇ ਪਾਪਾਂ ਦਾ ਹਿਸਾਬ ਪਿਆ ਲਾਉਨਾ ਏਂ
ਆਇਆ ਮੁਖ ਤੇ ਨੀ ੧ਓ ਕਾਰ
ਰਬਾਬ ਦੀ ਤੂੰ ਤਾਰ ਨਾ ਸੁਣੀ

ਨਾਨਕ ਦੇ ਰਾਹ ਤੋਂ ਪਰੇਡੇ ਚਲਾ ਗਿਆ ਏਂ
'ਸਫ਼ਰੀ' ਤੂੰ ਤਾਹੀਓਂ ਖਾਂਦਾ ਠੇਡੇ ਚਲਾ ਗਿਆ ਏਂ
ਤੇਰਾ ਬਾਣੀ ਨਾਲ ਹੈ ਨੀਓਂ ਪਿਆਰ
ਰਬਾਬ ਦੀ ਤੂੰ ਤਾਰ ਨਾ ਸੁਣੀ

ਛੇੜ ਓ ਰਬਾਬ ਵਾਲੀ ਤਾਰ ਮਰਦਾਨਿਆ
ਝੂਮ ਉਠੇ ਸਾਰਾ ਸੰਸਾਰ ਮਰਦਾਨਿਆ
ਬੇੜਾ ਲੱਗ ਜਾਏ ਮੁਸਾਫ਼ਰਾਂ ਦਾ ਪਾਰ
ਰਬਾਬ ਦੀ ਤੂੰ ਤਾਰ ਨਾ ਸੁਣੀ !!

28

ਜ਼ਮਾਨਾ ਸਾਰਾ ਝੂਮਦਾ ਪਿਆ

ਤੈਨੂੰ ਸੁਣਕੇ ਰਬਾਬ ਦੀਏ ਤਾਰੇ
ਜ਼ਮਾਨਾ ਸਾਰਾ ਝੂਮਦਾ ਪਿਆ

ਗੁਰੂ ਨਾਨਕ ਤੋਂ ਸੱਦ ਬਲਹਾਰੇ
ਜ਼ਮਾਨਾ ਸਾਰਾ ਝੂਮਦਾ ਪਿਆ

ਜਗ ਤਾਰ ਨਾਨਕ ਨੇ ਤਾਰ ਕੀ ਹਲਾਈ ਏ
ਤਾਰ ਸਾਰੇ ਜਗ ਦਿਆਂ ਨੈਣਾਂ ਵਿੱਚ ਆਈ ਏ
ਪਏ ਝੂਮਦੇ ਅੰਬਰ ਦੇ ਤਾਰੇ ਜ਼ਮਾਨਾ ਸਾਰਾ ਝੂਮਦਾ ਪਿਆ

ਪਿਤਾ ਕਾਲੂ ਰਾਏ ਦਾ ਵੀ ਦਿਲ ਰੌਸ਼ਨਾਇਆ ਏ
ਤ੍ਰਿਪਤਾ ਦੇ ਵਿਹੜੇ ਵਿਚ ਚੰਨ ਚੜ੍ਹ ਆਇਆ ਏ
ਨੂਰੀ ਚੰਨ ਪਿਆ ਚਾਨਣਾ ਖਿਲਾਰੇ
ਜ਼ਮਾਨਾ ਸਾਰਾ ਝੂਮਦਾ ਪਿਆ

ਲਾਲੋ ਸੀ ਮਹਾਨ ਉਹਨੂੰ ਗਲ ਨਾਲ ਲਾ ਲਿਆ
ਕੋਧਰਾ ਨਿਗੂਣਾ ਉਹਦਾ ਚਾਈਂ-ਚਾਈਂ ਖਾ ਲਿਆ
ਪੂੜੇ ਭਾਗੋ ਦੇ ਵਗਾਹ ਕੇ ਉਹਨੇ ਮਾਰੇ
ਜ਼ਮਾਨਾ ਸਾਰਾ ਝੂਮਦਾ ਪਿਆ

ਏਕਤਾ ਦਾ ਗੁਰੂ ਜੀ ਨੇ ਸ਼ਬਦ ਪੜ੍ਹਾਇਆ ਏ
ਸ਼ੀਹ ਬੱਕਰੀ ਨੂੰ ਪਾਣੀ ਇੱਕ ਥਾਂ ਪਿਲਾਇਆ ਏ
ਉਹਨੂੰ ਸਭੋ ਹੀ ਨੇ ਧਰਮ ਪਿਆਰੇ
ਜ਼ਮਾਨਾ ਸਾਰਾ ਝੂਮਦਾ ਪਿਆ

'ਸ਼ਫਰੀ' ਸੱਚਾਈ ਤਾਈਂ ਕਿਨੇ ਵੀ ਨਾ ਟੋਕਿਆ
ਵਲੀ ਦਾ ਪਹਾੜ ਗੁਰਾਂ ਪੰਜੇ ਉੱਤੇ ਰੋਕਿਆ
ਸੱਚ ਜਿੱਤਿਆ ਕੁਫਰ ਪਿਆ ਹਾਰੇ
ਜ਼ਮਾਨਾ ਸਾਰਾ ਝੂਮਦਾ ਪਿਆ

o o o

29

ਸਾਡੇ ਨੈਣਾਂ ਵਿੱਚ ਉਹਦੇ ਨਾਮ ਦਾ ਖੁਮਾਰ ਹੈ

ਨਾਨਕ ਦੇ ਨਾਲ ਸਾਰੇ ਜੱਗ ਦਾ ਪਿਆਰ ਹੈ
ਸਾਡੇ ਨੈਣਾਂ ਵਿੱਚ ਉਹਦੇ ਨਾਮ ਦਾ ਖੁਮਾਰ ਹੈ

ਤ੍ਰਿਪਤਾ ਦੇ ਵਿਹੜੇ ਇੱਕ ਚੰਨ ਚੜ੍ਹ ਆਇਆ ਏ
ਕਾਲੂ ਦੇ ਦੁਲਾਰੇ, ਸਾਰਾ ਜੱਗ ਰੁਸ਼ਨਾਇਆ ਏ
ਭੈਣ ਨਾਨਕੀ ਨੇ ਕੀਤਾ ਰੱਬ ਦਾ ਦੀਦਾਰ ਹੈ
ਨਾਨਕ ਦੇ ਨਾਲ ਸਾਰੇ ਜੱਗ ਦਾ ਪਿਆਰ ਹੈ

ਉਹਦੇ ਨੂਰ ਨਾਲ ਸਾਰਾ ਜੱਗ ਨੂਰ-ਨੂਰ ਹੈ
ਪੱਤੇ-ਪੱਤੇ ਵਿਚ ਮਾਨੋ ਉਸੇ ਦਾ ਸਰੂਰ ਹੈ
ਉਸੇ ਦਾ ਪੁਜਾਰੀ ਮਾਨੋ ਸਾਰਾ ਸੰਸਾਰ ਹੈ
ਨਾਨਕ ਦੇ ਨਾਲ ....

ਰੁੱਖ ਥੱਲੇ ਸੁੱਤਾ ਮਾਹੀ ਧੁੱਪ ਚੜ੍ਹ ਆਈ ਏ
ਸ਼ੇਸ਼ ਨਾਗ ਫਨ ਉਹਦੇ ਮੁੱਖ ਤੇ ਫੈਲਾਈ ਏ
ਸੱਪਾਂ ਨੇ ਵੀ ਕੀਤਾ ਉਹਦਾ ਨਿਰਾ ਸਤਿਕਾਰ ਹੈ
ਸਾਡੇ ਨੈਣਾਂ ਵਿੱਚ ....

'ਸਫਰੀ' ਧਿਆਨ ਉਹਦਾ ਸੱਚੇ ਦਿਲੋਂ ਧਰੇਗਾ
ਮਨ ਚਿਤ ਲਾ ਕੇ ਸੇਵਾ ਸੰਗਤਾਂ ਦੀ ਕਰੇਗਾ
ਦੁੱਖਾਂ ਦੇ ਸਮੁੰਦਰਾਂ 'ਚੋ ਬੇੜਾ ਹੋਣਾ ਪਾਰ ਹੈ
ਸਾਡੇ ਨੈਣਾਂ ਵਿੱਚ ....

o o o

30

ਮਰਦਾਨਾ

ਮੈਨੂੰ ਰਾਕਸ਼ਾਂ ਦੇ ਫੰਦੇ 'ਚੋਂ ਛੁਡਾ ਲਉ ਬਾਬਾ ਜੀ
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ

ਆ ਕੇ ਕੌਡੇ ਦਾ ਕੜਾਹਿਆ ਠੰਡਾ ਪਾ ਦਉ ਬਾਬਾ ਜੀ
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ

ਮੰਦਾ ਕੀਤਾ ਨਾਤਾ ਮੈਂ ਗੁਰਾਂ ਦੇ ਨਾਲੋਂ ਤੋੜਿਆ
ਆਪਣੇ ਮਹਿਬੂਬ ਵਲੋਂ ਮੁਖੜਾ ਮੈਂ ਮੋੜਿਆ
ਮਿੱਟੀ ਮੇਰਿਆਂ ਗੁਨਾਹਾਂ ਉੱਤੇ ਪਾ ਦਉ ਬਾਬਾ ਜੀ
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ

ਕੌਡਾ ਮੈਨੂੰ ਤਪਦੇ ਕੜਾਹੇ ਵਿਚ ਤਲੇਗਾ
ਜਾਨ ਮੇਰੀ ਜਾਊ ਮੇਰਾ ਵਸ ਵੀ ਨਾ ਚਲੇਗਾ
ਘੜੀ ਔਖੀ ਬੜੀ ਆਈ ਏ ਕਟਾ ਦਉ ਬਾਬਾ ਜੀ
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ

ਕੌਡਾ ਦੇਖੇ ਮੇਰੇ ਵੱਲ ਡੇਲੇ ਪਿਆ ਕੱਢਦਾ
ਜਾਪਦਾ ਏ ਅੱਜ ਮੈਨੂੰ ਜੀਉਂਦਾ ਨਹੀਉਂ ਛੱਡਦਾ
ਮੈਨੂੰ ਮੇਰੀ ਪੀਰਜਾਦੀ ਪਾ ਪੁਜਾ ਦਉ ਬਾਬਾ ਜੀ
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ

ਤੰਬੂ ਮੇਰਾ ਜ਼ਿੰਦਗੀ ਦਾ ਹੁਣੇ ਜਾਣਾ ਪੁੱਟਿਆ
ਕਿਥੇ ਤਕਦੀਰ ਨੇ ਲਿਆ ਕੇ ਮੈਨੂੰ ਸੁੱਟਿਆ
ਏਥੋਂ ਇੱਕ ਵਾਰੀ ਬੱਚੇ ਨੂੰ ਬਚਾ ਲਉ ਬਾਬਾ ਜੀ
ਮੇਰੀ ਜਿੰਦ ਚੱਲੀ ਮੇਰੀ ਜਾਨ ਚੱਲੀ

o o o

31

ਗੁਰੂ ਕਾ ਸਿੰਘ

ਤਲੀ ਉਤੇ ਪਹਿਲਾਂ ਜਿੰਦ ਆਪਣੀ ਟਕਾਏ
ਪਿਤਾ ਦਸ਼ਮੇਸ਼ ਜੀ ਦਾ ਖਾਲਸਾ ਕਹਾਏ !!
ਸਿੰਘ ਅਖਵਾਏ ਫਤਿਹ ਗੱਜ ਕੇ ਗਜਾਏ !!

ਵੈਰੀਆਂ ਦੀ ਫੌਜ ਟਿੱਡੀ ਦਲ ਚੜ੍ਹ ਆਏ
ਉਪਰੋਂ ਅਕਾਸ਼ ਭਾਵੇਂ ਅੱਗ ਵਰਸਾਏ !!
ਸਿੰਘ ਨੀ ਗੁਰੂ ਦਾ ਜਿਹੜਾ ਪਿੱਛੇ ਹਟ ਜਾਏ
ਪਿਤਾ ਦਸ਼ਮੇਸ਼ ਜੀ ਦਾ ਖਾਲਸਾ ਕਹਾਏ !!

ਏਸ ਵਾਰ-ਵਾਰ ਸੀਸ ਗੰਜ ਨੂੰ ਨਿਵਾਏ
ਧੂੜ ਨਨਕਾਣੇ ਦੀ ਜਾ ਮੱਥੇ ਉਤੇ ਲਾਏ
ਗੁਰੂ ਰਾਮਦਾਸ ਦੇ ਸਰੋਵਰ 'ਚ ਨਾਏ
ਪਿਤਾ ਦਸ਼ਮੇਸ਼ ਜੀ ਦਾ ਖਾਲਸਾ ਕਹਾਏ !!

ਸਵਾ-ਸਵਾ ਲੱਖ ਨਾਲ ਇੱਕ ਮੈਂ ਲੜਾਊਂਗਾ
ਚਿੜੀਆਂ ਦੇ ਕੋਲੋਂ ਖ਼ੂਨੀ ਬਾਜਾਂ ਨੂੰ ਤੜਾਊਂਗਾ
ਮੁਖੋਂ ਦਸ਼ਮੇਸ਼ ਜੀ ਨੇ ਵਾਕ ਫਰਮਾਏ
ਪਿਤਾ ਦਸ਼ਮੇਸ਼ ......

ਦਿਨ ਨੇ ਮੁਸੀਬਤਾਂ ਦੇ ਸਾਡੇ ਉਤੇ ਆਏ
'ਸਫਰੀ' ਜੀ ਉਹ ਵੀ ਅਸਾਂ ਹੱਸ ਕੇ ਲੰਘਾਏ
ਵੈਰੀਆਂ ਦੇ ਦਮ ਅਸੀਂ ਮਾਰ ਕੇ ਮੁਕਾਏ
ਪਿਤਾ ਦਸ਼ਮੇਸ਼ ......

o o o

32

ਬੇਦਰਦ ਮੁਗਲ ਸਰਕਾਰੇ

ਕੇਸਰੀ ਦੁਪੱਟੇ ਵਿਚ ਔਮਤੀ ਲਕੋਈ ਬੈਠੀ
ਪੁੱਤਰ ਦੇ ਪੁੱਤਰ ਪਿਆਰੇ
ਗਰਕ ਜਾਏਂ ਰੱਬ ਕਰਕੇ
ਬੇਦਰਦ ਮੁਗਲ ਸਰਕਾਰੇ

ਸੁੱਤਿਆਂ ਲਾਲਾਂ ਦੇ ਮਾਤਾ ਵਾਲਾਂ ਨੂੰ ਸੰਵਾਰਦੀ
ਘੁੱਟ ਘੁੱਟ ਲਾਉਂਦੀ ਨਹੀਂ ਕਲੇਜੇ ਨਾਲ ਹਾਰਦੀ
ਮਾਂ ਮਰ ਜਾਏ ਮੇਰੀ ਗੋਦੀ ਵਿਚ ਸੁੱਤੇ ਪਏ
ਵਿੱਛੜੇ ਭੁੱਖੇ ਅੱਖੀਆਂ ਦੇ ਤਾਰੇ
ਗਰਕ ਜਾਏ ....

ਮਮਤਾ ਬੁਰੀ ਵੇ ਰੱਬਾ ਪੁੱਤਰਾਂ ਦੀ ਅੱਗ ਦੀ
ਬੱਚਿਆਂ ਨੂੰ ਪੁੱਛੇ ਮਾਤਾ ਠੰਡ ਤਾਂ ਨੀ ਲੱਗਦੀ ?
ਜਿੰਨਾ ਚਿਰ ਬੁੱਢੀ ਮਾਂ ਬੈਠੀ ਮੇਰੇ ਬੱਚਿਆਂ ਦੀ
ਕੌਣ ਆਖੂ ਇਹ ਨੇ ਬੇ-ਸਹਾਰੇ
ਗਰਕ ਜਾਏ ....

ਸੁਬ੍ਹਾ ਹੁੰਦੀ ਸਾਰ 'ਵਾਜ ਮਾਰ ਲਈ ਸਿਪਾਹੀ ਨੇ
ਛਾਤੀ ਨਾਲ ਲਾ ਲਏ ਪੁੱਤ ਦੋਵੇਂ ਬੁੱਢੀ ਮਾਈ ਨੇ
ਹੌਲੀ ਹੌਲੀ ਲਾਲਾਂ ਨੂੰ ਉਹ ਗੱਲਾਂ ਸਮਝਾਵੇ ਨਾਲੇ
ਸਿਰਾਂ ਤੇ ਸਜਾਵੇ ਦਸਤਾਰੇ,
ਗਰਕ ਜਾਏ ....

ਹੱਥ ਕੜੇ ਵਾਲੀ ਬਾਂਹ ਕਰਕੇ ਉਤਾਂਹ ਨੂੰ
'ਸਫ਼ਰੀ' ਤਸੱਲੀ ਦੇਂਦੇ ਸਾਹਿਬਜ਼ਾਦੇ ਮਾਂ ਨੂੰ
ਸਾਡੇ ਤੇ ਯਕੀਨ ਰੱਖੀਂ ਸੁੰਦਰੀ ਦੇ ਲਾਲ ਮਾਤਾ
ਏਡੇ ਤਾਂ ਨੀ ਬੇ-ਇਤਬਾਰੇ
ਗਰਕ ਜਾਏ ....

o o o

33

ਨਾਨਕ ਦੇ ਹੱਟ ਵਿਚ ਕੀ-ਕੀ ਵਕੇਂਦਾ

ਨਾਨਕ ਦੇ ਹੱਟ ਵਿਚ ਕੀ-ਕੀ ਵਕੇਂਦਾ
ਦਿਲ ਦੀ ਸਫ਼ਾਈ ਉਥੇ ਸੱਚ-ਸੁੱਚ ਵਿਕਦਾ ਏ
ਕੂੜ ਤੇ ਕਪਟ ਉਥੇ ਜ਼ਰਾ ਨੀ ਟਕੇਂਦਾ

ਮਾਖਿਉਂ ਤੇ ਮਿੱਠੀ-ਮਿੱਠੀ ਨਾਨਕ ਦੀ ਬਾਣੀ ਏ
ਪੀਰਾਂ ਤੇ ਪੈਗੰਬਰਾਂ ਨੇ ਰਮਜ਼ ਪਛਾਣੀ ਏ
ਮੱਕੇ ਵਾਲਿਆਂ ਨੇ ਉਹਨੂੰ ਝੁਕ ਕੇ ਸਲਾਮ ਕੀਤਾ
ਕਾਂਸ਼ੀ ਦਾ ਪੁਜਾਰੀ ਪੂਜਾ ਗੁਰੂ ਦੀ ਕਰੇਂਦਾ
ਨਾਨਕ ਦੀ ਹੱਟ ਵਿਚ ....

ਜਿਹੜਾ ਸਿੱਖ ਸੱਚੇ ਦਿਲੋਂ ਗੁਰੂ ਬਾਣੀ ਗਾਉਂਦਾ ਏ
ਉਹੀਉ ਮੂੰਹੋਂ ਮੰਗੀਆਂ ਮੁਰਾਦਾਂ ਉਥੋਂ ਪਾਉਂਦਾ ਏ
ਲਾਲੋ ਤੇਰੇ ਕੋਧਰੇ 'ਚੋਂ ਦੁਧ ਪਿਆ ਵਗਦਾ ਏ
ਭਾਗੋ ਦੀਆਂ ਪੂੜੀਆਂ 'ਚੋਂ ਲਹੂ ਨੁਚੜੇਂਦਾ

ਨਾਮ ਵਾਲਾ ਸੌਦਾ ਉਹਦੇ ਹੱਟ 'ਚ ਵਕੇਂਦਾ ਹੈ
ਸਿੱਖੀ ਦਾ ਪੁਜਾਰੀ ਪਹਿਲਾਂ ਸੀਸ ਉਥੇ ਦੇਂਦਾ ਏ
ਸਿਮਰਨ ਸੇਵਾ ਤੇ ਸਚਾਈ ਉਥੇ ਵਿਕਦੀ ਏ
ਪੂੰਜੀ ਪਤੀ ਨਾਲ ਗੁਰੂ ਗੱਲ ਨਹੀਂ ਕਰੇਂਦਾ

ਕਿਸੇ ਨੇ ਨਵਾਬ ਤਾਈਂ ਜਾ ਕੇ ਭੜਕਾਇਆ ਏ
ਨਾਨਕ ਨੇ ਹੱਟ ਤੇਰਾ ਜਾਣ ਕੇ ਲੁਟਾਇਆ ਏ
ਲੇਖਾ ਕੀਤਾ 'ਸਫ਼ਰੀ' ਤਾਂ ਲੱਖਾਂ ਦਾ ਮੁਨਾਫ਼ਾ ਹੋਇਆ
ਰਹਿ ਗਿਆ ਨਵਾਬ ਉਥੇ ਖਿਟ-ਖਿਟ ਵੇਂਹਦਾ
ਨਾਨਕ ਦੇ ਹੱਟ ਵਿਚ ....

o o o

34

ਇੱਕ ਨੂਰ ਖਿੰਡਾਇਆ ਨਾਨਕ ਨੇ

ਇੱਕ-ਨੂਰ ਵਰਸਿਆ ਨਨਕਾਣੇ
ਇੱਕ ਨੂਰ ਖਿੰਡਾਇਆ ਨਾਨਕ ਨੇ

ਦੁਨੀਆਂ ਰੁਸ਼ਨਾਈ ਮੁਕਤੀ ਦਾ
ਰਸਤਾ ਰੁਸ਼ਨਾਇਆ ਨਾਨਕ ਨੇ

ਸਾਡੇ ਡੁੱਬਦੇ ਬੇੜੇ ਤਾਰ ਦਿਤੇ
ਤ੍ਰਿਪਤਾ ਦੀ ਅੱਖ ਦੇ ਤਾਰੇ ਨੇ

ਭਿਖ ਮੰਗਦੇ ਰਾਜ ਬਿਠਾ ਦਿਤੇ
ਕਾਲੂ ਦੇ ਰਾਜ ਦੁਲਾਰੇ ਨੇ

ਪਾਂਧੇ ਨੂੰ ਹਰਗਿਜ਼ ਭੁੱਲਿਆ ਨਹੀਂ
ਜਿਹੜਾ ਸਬਕ ਪੜ੍ਹਾਇਆ ਨਾਨਕ ਨੇ

ਉਹਨਾਂ ਕੌਡੇ ਵਰਗੇ ਰਾਕਸ਼ ਨੂੰ
ਉਜਲਾ ਇਨਸਾਨ ਬਣਾ ਦਿਤਾ

ਸਜਣਾਂ ਕੀ ਫੈਦਾ ਠੱਗੀਆਂ ਦਾ
ਸਭ ਹਾਣ ਲਾਭ ਸਮਝਾ ਦਿੱਤਾ

ਪੰਜੇ ਤੇ ਵਲੀ ਕੰਧਾਰੀ ਦਾ
ਪਰਬਤ ਅਟਕਾਇਆ ਨਾਨਕ ਨੇ

ਪਰਛਾਵੇਂ ਢਲ ਗਏ ਮੁਖੜੇ ਤੋਂ
ਨਾ ਰਿਹਾ ਬਿਰਛ ਦਾ ਛਾਇਆ ਸੀ

ਇਕ ਫਨੀਅਰ ਨੂਰੀ ਮੁਖੜੇ ਤੇ
ਝੱਟ ਛਾਂ ਕਰਨ ਲਈ ਆਇਆ ਸੀ

o o o

35

ਸਿਰ ਲੱਥ ਸਿੰਘਾਂ ਸਰਦਾਰਾਂ ਦੀਆਂ ਗੱਲਾਂ

ਸਿਰ ਲੱਥ ਸਿੰਘਾਂ ਸਰਦਾਰਾਂ ਦੀਆਂ ਗੱਲਾਂ
ਪੱਤਝੜਾਂ ਵਿਚ ਵੀ ਬਹਾਰਾਂ ਦੀਆਂ ਗੱਲਾਂ

ਵੱਡੇ ਸਹਿਬਜ਼ਾਦੇ ਵਿਚ ਰਣ ਦੇ ਕੁਹਾਏ ਗਏ
ਨਨ੍ਹੇ ਨਨ੍ਹੇ ਲਾਲ ਵਿਚ ਨੀਹਾਂ ਦੇ ਚਿਣਾਏ ਗਏ
ਗੜ੍ਹੀ ਦੀਆਂ ਗੱਲਾਂ ਜਾਂ ਦਿਵਾਰਾਂ ਦੀਆਂ ਗੱਲਾਂ

ਫਬਦੀਆਂ ਏਥੇ ਨਹੀਂ ਹੁਸੀਨਾਂ ਦੀਆਂ ਗੱਲਾਂ
ਜ਼ਰ ਦੀਆਂ ਗੱਲਾਂ ਨਾ ਜ਼ਮੀਨਾਂ ਦੀਆਂ ਗੱਲਾਂ
ਕਰੋ ਏਥੇ ਤੀਰਾਂ ਤਲਵਾਰਾਂ ਦੀਆਂ ਗੱਲਾਂ

ਖੇਰੂੰ-ਖੇਰੂੰ ਜਿਨ੍ਹਾਂ ਸਿੱਖ ਕੌਮ ਤਾਈਂ ਕੀਤਾ ਏ
ਅਲ੍ਹੜ ਜੁਆਨੀਆਂ ਦਾ ਲਹੂ ਜਿਹਨਾਂ ਪੀਤਾ ਏ
ਮੱਤ ਕਰੋ ਪੰਥ ਦੇ ਗ਼ਦਾਰਾਂ ਦੀਆਂ ਗੱਲਾਂ

'ਸਫਰੀ' ਜਿਨ੍ਹਾਂ ਨੇ ਸੀਸ ਤਲੀ ਉਤੇ ਧਰੇ ਨੇ
ਦੇਸ਼ ਦੀ ਆਜ਼ਾਦੀ ਪਿਛੇ ਹੱਸ-ਹੱਸ ਮਰੇ ਨੇ
ਇਹ ਨਹੀਓਂ ਸੈਂਕੜੇ ਹਜ਼ਾਰਾਂ ਦੀਆਂ ਗੱਲਾਂ

o o o

36

ਗੁਰੂ ਨਾਨਕ ਦਾ ਭੇਤ ਸਾਥੋਂ ਪਾਇਆ ਨਾ ਗਿਆ

ਗੁਰੂ ਨਾਨਕ ਦਾ ਭੇਤ ਸਾਥੋਂ ਪਾਇਆ ਨਾ ਗਿਆ
ਗੀਤ ਗੁਰੂ ਦੇ ਪਿਆਰ ਵਾਲਾ ਗਾਇਆ ਨਾ ਗਿਆ

ਕੀਤੀ ਰੋ ਕੇ ਮਨੁੱਖਤਾ ਨੇ ਹਾਲ ਪਾਰਿਆ
ਉਹਨੇ ਜਗਤ ਜਲੰਦੇ ਤਾਈ ਆ ਕੇ ਠਾਰਿਆ
ਉਹਦੀ ਮਿਹਰ ਦਾ ਅੰਦਾਜ਼ਾ ਸਾਥੋਂ ਲਾਇਆ ਨਾ ਗਿਆ
ਗੀਤ ਗੁਰਾਂ ਦੇ ਪਿਆਰ ਵਾਲਾ ......

ਗੁਰਾਂ ਸੱਤ ਸੰਤੋਖ ਵਾਲੀ ਡੋਰ ਵੱਟ ਕੇ
ਪਾਇਆ ਨਾਮ ਦਾ ਜਨੇਊ ਉਹਨੇ ਦਿਲੋਂ ਛਟ ਕੇ
ਜਿਹੜਾ ਉਨ੍ਹਾਂ ਜੰਞੂ ਪਾਇਆ ਸਾਥੋਂ ਪਾਇਆ ਨਾ ਗਿਆ
ਗੀਤ ਗੁਰਾਂ ਦੇ ਪਿਆਰ ਵਾਲਾ ......

ਐਵੇਂ ਪੰਡਤਾਂ ਮੁਲਾਣਿਆਂ ਨੇ ਪਾਇਆ ਜੱਬ ਹੈ
ਰਹਿੰਦਾ ਕਾਸ਼ੀ ਤੇ ਮਦੀਨੇ ਵਿਚ ਇੱਕ ਰੱਬ ਹੈ
ਏਨਾ ਰਾਜ਼ ਕਿਸੇ ਕੋਲੋਂ ਸਮਝਾਇਆ ਨਾ ਗਿਆ
ਗੀਤ ਗੁਰਾਂ ਦੇ ਪਿਆਰ ਵਾਲਾ ....

ਉਹਦੇ ਨਾਮ ਨੂੰ ਜ਼ਮਾਨਾ ਸਾਰਾ ਪਿਆ ਪੂਜਦਾ
ਉਹਨੂੰ ਸਮਝੇ ਲੁਕਾਈ ਸਾਰੀ ਚੰਨ ਦੂਜ ਦਾ
ਪਰ 'ਸਫ਼ਰੀ' ਤੋਂ ਦਿਲ ਰੌਸ਼ਨਾਇਆ ਨਾ ਗਿਆ
ਗੀਤ ਗੁਰਾਂ ਦੇ ਪਿਆਰ ਵਾਲਾ ....

o o o

37

ਰੰਗਲਾ ਪੰਜਾਬ

ਸੂਰਬੀਰ ਦੇਸ਼ ਮੇਰਾ ਰੰਗਲਾ ਪੰਜਾਬ
ਕਾਬਲ ਕੰਧਾਰ ਤੱਕ ਸਾਡਾ ਰੋਅਬ ਦਾਬ

ਪਹਿਲਾਂ ਵਾਰ ਕਿਸੇ ਤੇ ਪੰਜਾਬੀ ਨਹੀਂਓਂ ਕਰੇਗਾ
ਕਰੇਗਾ ਕੋਈ ਤਾਂ ਕੀਤਾ ਆਪਣਾ ਉਹ ਭਰੇਗਾ
ਇੱਟ ਚੁਕਦੇ ਨੂੰ ਸਾਡਾ ਪੱਥਰ ਜਵਾਬ
ਕਾਬਲ ਕੰਧਾਰ ਤੱਕ ਸਾਡਾ ਰੋਅਬ ਦਾਬ

ਔਖੀ ਘੜੀ ਆਏ ਤਾਂ ਪੰਜਾਬੀ ਨਹੀਂਓਂ ਡੋਲਦੇ
ਮੌਤ ਵਿਚੋਂ ਜ਼ਿੰਦਗੀ ਹਮੇਸ਼ਾ ਰਹਿੰਦੇ ਟੋਲਦੇ
ਕੰਡਿਆਂ ਦੇ ਉਤੇ ਸਾਡਾ ਹਸਦਾ ਗੁਲਾਬ
ਕਾਬਲ ਕੰਧਾਰ ਤੀਕ ਸਾਡਾ ਰੋਅਬ ਦਾਬ

ਜਿੰਨੇ ਵੀ ਲੁਟੇਰੇ ਏਥੇ ਲੁੱਟਾਂ ਪਾਉਣ ਆਏ ਨੇ
ਖੱਲੇ ਮਾਰ-ਮਾਰ ਕੇ ਪੰਜਾਬੀਆਂ ਭਜਾਏ ਨੇ
ਰਗਾਂ ਵਿਚ ਖੂਨ ਸਾਡੇ ਜੋਸ਼ ਬੇ-ਹਿਸਾਬ
ਕਾਬਲ ਕੰਧਾਰ ਤਕ ਸਾਡਾ ਰੋਅਬ ਦਾਬ

ਦੇਸ਼ ਦਾ ਕਿਸਾਨ ਕਿੰਨਾ ਭਾਰ ਚਾਈ ਜਾਂਦਾ ਹੈ
ਵੱਡੇ-ਵੱਡੇ ਅੰਨ ਦੇ ਅੰਬਾਰ ਲਾਈ ਜਾਂਦਾ ਹੈ
ਖੇਤਾਂ ਵਿਚ ਖੜ੍ਹਾ ਜੱਟ ਜਾਪਦਾ ਨਵਾਬ
ਕਾਬਲ ਕੰਧਾਰ ਤੱਕ ਸਾਡਾ ਰੋਅਬ ਦਾਬ !!

38

ਕਦੇ ਨੀ ਗ਼ਰੀਬ ਲੁਟਦੇ

ਸਿੰਘ ਪਾਉਂਦੇ ਨੇ ਡਾਕੂਆਂ ਤੇ ਡਾਕਾ
ਕਦੇ ਨੀ ਗ਼ਰੀਬ ਲੁਟਦੇ
ਨਾਲੇ ਛੱਡ ਲੈਂਦੇ ਆਪਣਾ ਇਲਾਕਾ
ਕਦੇ ਨੀ ਗ਼ਰੀਬ ਲੁਟਦੇ

ਗ਼ਜ਼ਨੀ ਦੇ ਡਾਕੂ ਬੀਰ ਖਾਲਸੇ ਨੇ ਲੁੱਟ ਲਏ
ਸਿਖਰ ਦੁਪਹਿਰੇ ਹੀ ਜ਼ੰਜੀਰਾਂ ਵਿਚ ਜੁੱਟ ਲਏ
ਮੁੜ ਦਿਤਾ ਨੀ ਕਦੇ ਵੀ ਉਹਨਾਂ ਝਾਕਾ
ਕਦੇ ਨੀ ਗ਼ਰੀਬ ਲੁਟਦੇ

ਰਵਾਦਾਰ ਸਿੰਘ ਸੂਰੇ ਆਪਣੇ ਹੀ ਹਕਦੇ
ਕਿਸੇ ਦੀ ਕਮਾਈ ਵਲ ਜ਼ਰਾ ਵੀ ਨੀ ਤਕਦੇ
ਕੱਟ ਲੈਂਦੇ ਨੇ ਫਾਕੇ ਦੇ ਉਤੇ ਫਾਕਾ
ਕਦੇ ਨੀ ਗ਼ਰੀਬ ਲੁਟਦੇ

ਹੱਥ ਜਗਜੀਤ ਯਈਆ ਖਾਨ ਨੂੰ ਦਿਖਾਇਆ ਸੀ
ਇੱਕ ਲੱਖ ਕੈਦੀ ਉਹਦੀ ਫੌਜ ਦਾ ਬਣਾਇਆ ਸੀ
ਸ਼ਾਹਦੀ ਦੇਂਦਾ ਹੈ ਬੰਗਾਲਾ ਅਤੇ ਢਾਕਾ
ਕਦੇ ਨੀ ਗ਼ਰੀਬ ਲੁਟਦੇ

ਸਿੰਘਾਂ ਨੇ ਵਜ਼ੀਰ ਖਾਂ ਨੂੰ ਮੂਧੇ ਮੂੰਹ ਮਾਰਿਆ
ਮਾਮਲਾ ਬੰਦੇ ਨੇ ਉਹਦਾ ਤੇਗ ਨਾਲ ਤਾਰਿਆ
ਯਾਦ ਕਰੇ ਸਰਹੰਦ ਵਾਲਾ ਸਾਕਾ
ਕਦੇ ਨੀ ਗ਼ਰੀਬ ਲੁਟਦੇ

o o o

39

ਤਾਹੀਓਂ ਹੁੰਦੀ ਮੰਦਰਾਂ 'ਚ ਰਾਮ ਰਾਮ ਰਾਮ

ਪੀਤਾ ਨਾਵੇਂ ਪਾਤਸ਼ਾਹ ਸ਼ਹੀਦੀ ਵਾਲਾ ਜਾਮ
ਤਾਹੀਓਂ ਹੁੰਦੀ ਮੰਦਰਾਂ 'ਚ ਰਾਮ ਰਾਮ ਰਾਮ !!

ਗਿਆ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ
ਲਹੂ ਨਾਲ ਗਿਆ ਲੇਖ ਹਿੰਦ ਦਾ ਲਕੀਰਿਆ
ਅੰਬਰਾਂ ਤੋਂ ਉੱਚਾ ਨਾਵੇਂ ਪਾਤਸ਼ਾਹ ਦਾ ਨਾਮ
ਤਾਹੀਓਂ ਹੁੰਦੀ ਮੰਦਰਾਂ 'ਚ ਰਾਮ ਰਾਮ ਰਾਮ

ਉਬਲਦੀ ਦੇਗ 'ਚੋਂ ਆਵਾਜ਼ ਇੱਕ ਆਈ ਏ
ਔਂਤਰੇ ਜਲਾਦੋ ਕਾਹਨੂੰ ਅੱਗ ਮੱਠੀ ਪਾਈ ਏ
ਲੂਣ ਖਾ ਕੇ ਮਾਲਕਾਂ ਦਾ ਕਰੋ ਨਾ ਹਰਾਮ
ਤਾਹੀਓਂ ਹੁੰਦੀ ਮੰਦਰਾਂ 'ਚ ਰਾਮ ਰਾਮ ਰਾਮ

ਸਤੀ ਦਾਸ ਨੂੰ ਵੀ ਗਿਆ ਰੂਈ ਵਿਚ ਜਾਲਿਆ
ਹੋ ਗਿਆ ਕਬਾਬ ਜੁੱਸਾ ਮੱਖਣਾਂ ਦਾ ਪਾਲਿਆ
ਮੰਨਿਆ ਨੀ ਹੋਣਾ ਜ਼ਰਾ ਗੈਰ ਦਾ ਗੁਲਾਮ
ਤਾਹੀਓਂ ਹੁੰਦੀ ਮੰਦਰਾਂ 'ਚ ਰਾਮ ਰਾਮ ਰਾਮ

ਨਾਵੇਂ ਪਾਤਸ਼ਾਹ ਨੇ ਸੀਸ ਦਿੱਲੀ ਵਿਚ ਵਾਰਿਆ
ਜਿੱਤ ਹੋਈ ਸਿੰਘਾਂ ਦੀ ਹੰਕਾਰੀ ਟੋਲਾ ਹਾਰਿਆ
ਕਰਦਾ ਜ਼ਮਾਨਾ ਸੀਸ ਗੰਜ ਨੂੰ ਸਲਾਮ
ਤਾਹੀਓਂ ਹੁੰਦੀ ਮੰਦਰਾਂ 'ਚ ਰਾਮ ਰਾਮ ਰਾਮ

ੋ ੋ ੋ

40

ਸਿੰਘਾਂ ਤੇ ਕੋਈ ਸ਼ੱਕ ਨਾ ਕਰੇ

ਸਿੰਘ ਦੇਸ਼ ਦੇ ਕਹਾਉਂਦੇ ਵਫਾਦਾਰ
ਸਿੰਘਾਂ ਤੇ ਕੋਈ ਸ਼ੱਕ ਨਾ ਕਰੇ !!
ਸਾਡਾ ਦੇਸ਼ ਨਾਲ ਮੁੱਢ ਤੋਂ ਪਿਆਰ
ਸਿੰਘਾਂ ਤੇ ਕੋਈ ਸ਼ੱਕ ਨਾ ਕਰੇ !!

ਦੇਸ਼ ਲਈ ਅਨੇਕਾਂ ਸਿੰਘ ਜੇਲ੍ਹਾਂ ਵਿਚ ਸੜੇ ਨੇ
ਕਿੰਨੇ ਕਾਲੇ ਪਾਣੀ ਕਿੰਨੇ ਫਾਸੀਆਂ ਤੇ ਚੜ੍ਹੇ ਨੇ
ਮਾਰੀ ਸਿੰਘਾਂ ਨੇ ਫਰੰਗੀਆਂ ਨੂੰ ਮਾਰ
ਸਿੰਘਾਂ ਤੇ ਕੋਈ ਸ਼ੱਕ ਨਾ ਕਰੇ

ਮੰਨਿਆ ਕਿ ਬਾਕੀ ਦੇ ਵੀ ਦੇਸ਼ ਪਿਛੇ ਮੋਏ ਨੇ
ਹੱਸ ਕੇ ਸ਼ਹੀਦ ਬਹੁਤ ਖਾਲਸੇ ਹੀ ਹੋਏ ਨੇ
ਸਿੰਘਾਂ ਕੱਲਿਆਂ ਦਾ ਆਉਂਦਾ ਨੀ ਸ਼ੁਮਾਰ
ਸਿੰਘਾਂ ਤੇ ਕੋਈ ਸ਼ੱਕ ਨਾ ਕਰੇ

ਜ਼ਹਿਰ ਦੀ ਪਿਆਲੀ ਸਿੰਘਾਂ ਦੇਸ਼ ਪਿਛੇ ਪੀਤੀ ਏ
ਅਸੀਂ ਤਾਂ ਹਮੇਸ਼ਾਂ ਸੇਵਾ ਹਿੰਦੀਆਂ ਦੀ ਕੀਤੀ ਏ
ਕੋਈ ਜੇ ਚੰਦ ਹੋਏਗਾ ਗ਼ੱਦਾਰ
ਸਿੰਘਾਂ ਤੇ ਕੋਈ ਸ਼ੱਕ ਨਾ ਕਰੇ !

ਲਾਜਪਤ ਤਾਈ ਡਾਂਗਾਂ ਗੋਰਿਆਂ ਨੇ ਮਾਰੀਆਂ
ਵੀਰ ਭਗਤ ਸਿੰਘ ਕੋਲੋਂ ਗਈਆਂ ਨਾ ਸਹਾਰੀਆਂ
ਉਹਨੇ ਮੋੜਿਆ ਫਰੰਗੀ ਦਾ ਉਧਾਰ
ਸਿੰਘਾਂ ਤੇ ਕੋਈ ਸ਼ੱਕ ਨਾ ਕਰੇ

o o o

41

ਸਿੱਖੀ ਨੀ ਕੁੱਝ ਹੋਰ ਮੰਗਦੀ

ਇੱਕ ਮੰਗਦੀ ਏ ਦਿਲ ਦੀ ਸਫਾਈ
ਸਿੱਖੀ ਨੀ ਕੁੱਝ ਹੋਰ ਮੰਗਦੀ
ਇਕੋ ਚਾਹੁੰਦੀ ਦਸਾਂ ਨੌਹਾਂ ਦੀ ਕਮਾਈ
ਸਿੱਖੀ ਨੀ ਕੁੱਝ ਹੋਰ ਮੰਗਦੀ

ਸਿੱਖੀ ਦਾ ਪਹਿਰਾਵਾ ਜਿਹਨੇ ਤਨ ਉਤੇ ਪਾ ਲਿਆ
ਅੰਮ੍ਰਿਤ ਖੰਡੇ ਦਾ ਬੁਲ੍ਹਾਂ ਦੇ ਨਾਲ ਲਾ ਲਿਆ
ਉਹਦੀ ਮੌਤ ਨਾਲ ਹੁੰਦੀ ਕੁੜਮਾਈ
ਸਿੱਖੀ ਨੀ ਕੁੱਝ ਹੋਰ ਮੰਗਦੀ

ਪੰਜ ਸੀਸ ਦੇਣ ਸਭਾ ਵਿਚ ਨਿੱਤਰੇ
ਬਾਕੀ ਦੇ ਅਨੇਕਾਂ ਹੋ ਗਏ ਤਿੱਤਰੇ ਤੇ ਖਿੱਤਰੇ
ਭੇਟਾ ਪੰਜਾਂ ਨੇ ਹੀ ਸੀਸ ਦੀ ਚੜ੍ਹਾਈ
ਸਿੱਖੀ ਨੀ ਕੁੱਝ ਹੋਰ ਮੰਗਦੀ

ਸੂਰਮੇ ਬਚਿਤਰ ਸਿੰਘ ਹੌਸਲਾ ਵਖਾਇਆ ਏ
ਮਾਰੀ ਤਿਖੀ ਨਾਗਣੀ ਤੇ ਹਾਥੀ ਨੂੰ ਭਜਾਇਆ ਏ
ਕੀਤੀ ਹਾਥੀ ਨਾਲ ਸਿੱਖ ਨੇ ਲੜਾਈ
ਸਿੱਖੀ ਨੀ ਕੁੱਝ ਹੋਰ ਮੰਗਦੀ

ਸੁਖਾ ਸਿੰਘ ਮਹਿਤਾਬ ਸਿੰਘ ਤੇਗ ਲੈ ਕੇ ਆਇਆ ਸੀ
ਮੱਸੇ ਤਾਈ ਮਜ਼ਾ ਉਹਦੀ ਕੀਤੀ ਦਾ ਚਖਾਇਆ ਸੀ
ਕੀਤਾ ਚੁਕਤਾ ਹਿਸਾਬ ਪਾਈ ਪਾਈ
ਸਿੱਖੀ ਨੀ ਕੁੱਝ ਹੋਰ ਮੰਗਦੀ

o o o

42

ਦਸਮ ਪਿਤਾ ਦੇ ਸੂਰੇ ਸਿੰਘਾ !

ਦਸਮ ਪਿਤਾ ਦੇ ਸੂਰੇ ਸਿੰਘਾ !
ਸੂਰਮ-ਗਤੀ ਦਿਖਾਈ ਜਾ
ਪਿਛਾਂ ਝਾਕ ਨਾ, ਤੂੰ ਅੱਗੇ ਹੀ
ਅੱਗੇ ਕਦਮ ਵਧਾਈ ਜਾ

ਹਿੰਦੂ ਮੁਸਲਿਮ ਸਿੱਖ ਈਸਾਈ
ਸੱਭੇ ਭਾਰਤ ਵਾਸੀ ਨੇ
ਗੁਰ ਨਾਨਕ ਦਾ ਸਾਥ ਨਿਭਾਇਆ
ਮਰਦਾਨੇ ਮਿਰਾਸੀ ਨੇ
ਜ਼ਾਤ ਪਾਤ ਨੂੰ ਦਿਲੋਂ ਗੁਆ ਦੇ
ਸੱਭ ਨੂੰ ਇੱਕ ਬਣਾਈ ਜਾ

ਹਮਲਾਵਰ ਆਣ ਬਦੇਸੋਂ ਹਿੰਦ ਤੇ ਹਮਲੇ ਕਰਦੇ ਰਹੇ
ਫਟੇ ਹੋਏ ਸੀ ਭਾਰਤ ਵਾਸੀ ਦੁੱਖ ਤਸੀਹੇ ਜਰਦੇ ਰਹੇ
ਹੁਣ ਜੇਕਰ ਕੋਈ ਦੁਸ਼ਮਨ ਆਵੇ ਥੱਪੜ ਮਾਰ ਭਜਾਈ ਜਾ
ਕਲਗੀਧਰ ਦੇ ਓ ਸੂਰਮਿਆਂ ਸੂਰਮ ਗਤੀ ਦਿਖਾਈ ਜਾ ।
ਕਲਗੀਧਰ ਦੇ ....

ਸੇਵਾ ਜੀ ਪ੍ਰਤਾਪ ਗੁਰੂ ਗੋਬਿੰਦ ਸਿੰਘ ਦੀ ਕੁਰਬਾਨੀ ਏ
ਦਸਮ ਪਿਤਾ ਪਰਵਾਰ ਵਾਰਿਆ ਇਹ ਬਲੀਦਾਨ ਲਾਸਾਨੀ ਏ
ਮਾਤਾ ਗੁਜਰੀ ਦੇ ਚਰਨਾਂ ਤੇ ਆਪਣਾ ਸੀਸ ਨਿਵਾਈ ਜਾ ।
ਕਲਗੀਧਰ ਦੇ ....

o o o

ਔਹ ਗਿਰਜਾ, ਔਹ ਗੁਰਦੁਆਰਾ, ਔਹ ਮਸਜਦ, ਔਹ ਮੰਦਰ ਹੈ
ਗੌਰ ਨਾਲ ਜੇ ਦੇਖੇਂ ਸਿੰਘਾ ਰਬ ਸਭਨਾਂ ਦੇ ਅੰਦਰ ਹੈ
ਸਭ ਧਰਮਾਂ ਦਾ ਮਾਣ ਕਰੀਂ ਉਏ ਸਭ ਨੂੰ ਸੀਸ ਨਿਵਾਈ ਜਾ ।
ਕਲਗੀਧਰ ਦੇ..........

o o o

43

ਮੌਤ ਗੁਰੂ ਕਿਆਂ ਸਿੰਘਾਂ ਨੇ ਡਰਾਈ
ਕਿਸੇ ਦੇ ਕੋਲੋਂ ਹੋਰ ਨਾ ਡਰੀ

ਮੌਤ ਗੁਰੂ ਕਿਆਂ ਸਿੰਘਾਂ ਨੇ ਡਰਾਈ
ਕਿਸੇ ਦੇ ਕੋਲੋਂ ਹੋਰ ਨਾ ਡਰੀ
ਸਿੰਘਾਂ ਮੌਤ ਦੀ ਚਿਖਾ ਨੂੰ ਅੱਗ ਲਾਈ
ਕਿਸੇ ਦੇ ਕੋਲੋਂ ਹੋਰ ਨਾ ਡਰੀ

ਤੋਪਾਂ ਮੂਹਰੇ ਕੂਕੇ ਸਿੰਘ ਸੂਰਮੇਂ ਡਰਾਏ ਗਏ
ਦੇਖੋ ਜੀ ਹਿਮਾਲਾ ਜੇਡੇ ਹੌਸਲੇ ਵਿਖਾਏ ਗਏ
ਸਿਰ ਧੜ ਦੀ ਸਿੰਘਾਂ ਨੇ ਬਾਜ਼ੀ ਲਾਈ
ਕਿਸੇ ਦੇ ਕੋਲੋਂ ਹੋਰ ਨਾ ਡਰੀ
ਮੌਤ ਗੁਰੂ ਕਿਆਂ ਸਿੰਘਾਂ ਨੇ ਡਰਾਈ

ਇੰਜਣਾਂ ਦਾ ਲਹੂ ਪੀਤਾ ਸਿੰਘਾਂ ਨੇ ਨਚੋੜ ਕੇ
ਤੋਪੇ ਰੱਖ ਦਿਤੇ ਸਿੰਘਾਂ ਤੋਪਾਂ ਦੇ ਤਰੋੜ ਕੇ
ਮੌਤ ਅੱਗੇ-ਅਗੇ ਸਿੰਘਾਂ ਨੇ ਭਜਾਈ
ਕਿਸੇ ਦੇ ਕੋਲੋਂ ਹੋਰ ਨਾ ਡਰੀ
ਮੌਤ ਗੁਰੂ ਕਿਆਂ ਸਿੰਘਾਂ ਨੇ ਡਰਾਈ

ਮੌਤ ਚੰਦਰੀ ਨੂੰ ਕੁਝ ਔੜਿਆ ਨਾ ਸੁਝਿਆ
ਸੂਰਮਾ ਦਲੀਪ ਸਿੰਘ ਭੱਠ ਵਿਚ ਭੁੱਜਿਆ
ਕਢੀ ਮੌਤ ਦੀ ਸਿੰਘਾਂ ਨੇ ਅੜਬਾਈ
ਕਿਸੇ ਦੇ ਕੋਲੋਂ ਹੋਰ ਨਾ ਡਰੀ
ਮੌਤ ਗੁਰੂ ਕਿਆਂ ਸਿੰਘਾਂ ਨੇ ਡਰਾਈ
ਊਧਮ ਸਿੰਘ ਸੂਰਮੇਂ ਵਲੈਤ ਵਿਚ ਜਾਕੇ
ਗੋਲੀਆਂ ਦੇ ਨਾਲ ਓਡਵਾਇਰ ਨੂੰ ਉਡਾ ਕੇ

o o o

44

ਤਲੀ ਦੇ ਉਤੇ ਸੀਸ ਰੱਖ ਲੈ

ਜੇ ਤੂੰ ਸਿੰਘਾਂ ਦੀ ਕਤਾਰ ਵਿਚ ਆਉਣਾ
ਤਲੀ ਦੇ ਉਤੇ ਸੀਸ ਰੱਖ ਲੈ
ਜੇ ਤੂੰ ਸਿੰਘ ਦਸਮੇਸ਼ ਦਾ ਕਹਾਉਣਾ
ਤਲੀ ਦੇ ਉਤੇ ਸੀਸ ਰੱਖ ਲੈ

ਮਰਨ ਲੱਗੇ ਸਿੰਘ ਨਾ ਸਮਝਦੇ ਨਾ ਸੋਚਦੇ
ਮੌਤ ਦੀਆਂ ਗੋਲੀਆਂ ਮਖਾਣੇ ਵਾਂਗੂੰ ਬੋਚਦੇ
ਸੱਚੇ ਗੁਰੂ ਦਾ ਦੀਦਾਰ ਜੇ ਤੂੰ ਪਾਉਣਾ
ਤਲੀ ਦੇ ਉਤੇ ਸੀਸ ਰੱਖ ਲੈ

ਬਾਬੇ ਦੀਪ ਸਿੰਘ ਵਾਂਗੂੰ ਮੌਤ ਅਗੇ ਅੜੀ ਜਾ
ਸੀਸ ਨਾ ਬੇ-ਸ਼ੱਕ ਹੋਵੇ ਲੜੀ ਜਾ ਤੂੰ ਲੜੀ ਜਾ
ਦਰ ਗੁਰੂ ਦੇ ਜੇ ਸੀਸ ਨੂੰ ਪਹੁੰਚਾਉਣਾ
ਤਲੀ ਦੇ ਉਤੇ ਸੀਸ ਰੱਖ ਲੈ

ਏਥੇ ਖੂਨੀ ਖੰਡਿਆਂ ਦੋ-ਧਾਰਿਆਂ ਦੀ ਗੱਲ ਹੈ
ਰੰਬੀਆਂ ਜਮੂਰਾਂ ਤਿੱਖੇ ਆਰਿਆਂ ਦੀ ਗੱਲ ਹੈ
ਏਥੇ ਬੰਦ-ਬੰਦ ਪੈਂਦਾ ਕਟਵਾਉਣਾ
ਤਲੀ ਦੇ ਉਤੇ ਸੀਸ ਰੱਖ ਲੈ

'ਸਫਰੀ' ਗੁਲਾਮੀ ਵਾਲੇ ਦਾਗ ਕਿਦਾਂ ਧੋਈ ਦੇ
ਮਣਕਿਆਂ ਦੀ ਥਾਂ ਸੀਸ ਮਾਲਾ 'ਚ ਪਰੋਈ ਦੇ
ਪੈਂਦਾ ਆਪਣੇ ਲਹੂ ਦੇ ਵਿਚ ਨ੍ਹਾਉਣਾ
ਤਲੀ ਦੇ ਉਤੇ ਸੀਸ ਰਖ ਲੈ

o o o

45

ਕੀ ਅਸਰ ਦਿਖਾਇਆ ਅੰਮ੍ਰਿਤ ਨੇ

ਦਸਮੇਸ਼ ਪਿਤਾ ਮੈਂ ਕੀ ਆਖਾਂ
ਕੀ ਅਸਰ ਦਿਖਾਇਆ ਅੰਮ੍ਰਿਤ ਨੇ
ਮਰ ਚੁਕਾ ਸੀ ਭਾਰਤ ਸਦੀਆਂ ਦਾ
ਸਾਹ ਮੁੜ ਕੇ ਪਾਇਆ ਅੰਮ੍ਰਿਤ ਨੇ

ਦਾਤਾ ਸੱਭ ਤੇਰੀਆਂ ਦਾਤਾਂ 'ਚੋ
ਇੱਕ ਅੰਮ੍ਰਿਤ ਦਾਤ ਨਿਆਰੀ ਏ
ਇਸ ਦਾਤ ਨੂੰ ਓਹੀ ਖਰੀਦਣਗੇ
ਜਿੰਨ੍ਹਾਂ ਰਕਮ ਸੀਸ ਦੀ ਤਾਰੀ ਏ
ਅਸੀਂ ਮੋਏ ਸਾਂ ਅਸੀਂ ਮੁੱਕੇ ਸਾਂ
ਸਾਨੂੰ ਅਮਰ ਬਣਾਇਆ ਅੰਮ੍ਰਿਤ ਨੇ

ਕੱਛ, ਕੇਸ, ਕੜਾ, ਕਿਰਪਾਨ, ਕੰਘਾ
ਸਾਨੂੰ ਬਖਸ਼ਣਹਾਰਾ ਬਖਸ਼ ਗਿਆ
ਸਾਨੂੰ ਰੂਪ ਆਪਣਾ ਕਲਗੀਧਰ
ਸਾਰੇ ਦਾ ਸਾਰਾ ਬਖਸ਼ ਗਿਆ ।
ਅਸੀਂ ਗਿਦੜਾਂ ਵਾਂਗੂੰ ਜੀਉਂਦੇ ਸਾਂ
ਸਾਨੂੰ ਸ਼ੇਰ ਬਣਾਇਆ ਅੰਮ੍ਰਿਤ ਨੇ

ਬੰਦੇ ਦੇ ਪੀਤੇ ਅੰਮ੍ਰਿਤ ਨੇ
ਝੱਟ ਆਪਣੀ ਕਲਾ ਵਖਾ ਦਿਤੀ
ਸਰਹੰਦ ਸਾਜਿਆ ਤੇ ਉਸਦੀ
ਝਟ ਇੱਟ ਨਾਲ ਇੱਟ ਖੜਕਾ ਦਿਤੀ
ਕੀਤੀ ਦਾ ਖਾਨ ਵਜੀਦੇ ਨੂੰ ਵੀ ਮਜ਼ਾ ਚਖਾਇਆ ਅੰਮ੍ਰਿਤ ਨੇ

○ ○ ○

ਜਿਹੜਾ ਮਰਦਾ-ਮਰਦਾ ਵੀ 'ਸਫਰੀ'
ਉਹਦੇ ਬਾਟੇ ਨੂੰ ਮੂੰਹ ਲਾਵੇਗਾ
ਉਹਦੇ ਦਿਤੇ ਹੋਏ ਬੇਦਾਵੇ ਦਾ
ਵੀ ਦੋਸ਼ ਬਖਸ਼ਿਆ ਜਾਵੇਗਾ
ਮਹਾਂ ਸਿੰਘ ਨੂੰ ਮਹਾਂ ਸ਼ਹੀਦਾਂ ਦੇ ਵਿਚ
ਚੁਕ ਬਿਠਾਇਆ ਅੰਮ੍ਰਿਤ ਨੇ

o o o

46

ਦਾਦੀ ਮਾਏਂ ਪਿਤਾ ਜੀ
ਕਦੋਂ ਕੁ ਘਰ ਆਉਣਗੇ ?

ਦਾਦੀ ਮਾਏਂ ਪਿਤਾ ਜੀ ਕਦੋਂ ਕੁ ਘਰ ਆਉਣਗੇ
ਘੁੱਟ ਘੁੱਟ ਲਾਲਾਂ ਨੂੰ ਕਲੇਜੇ ਨਾਲ ਲਾਉਣਗੇ ?

ਸਰਸਾ ਨਦੀ ਤੇ ਪਿਆ ਲਾਲਾਂ ਨੂੰ ਵਛੋੜਨਾ
ਢਿੱਡ ਦੀਆਂ ਆਂਦਰਾਂ ਨੂੰ ਸੌਖਾ ਨੀ ਤਰੋੜਨਾ
ਫੁੱਲਾਂ ਉਤੇ ਸੌਣ ਵਾਲੇ ਕੰਡਿਆਂ ਤੇ ਸੌਣਗੇ !
ਦਾਦੀ ਮਾਏਂ ! ਪਿਤਾ ਜੀ ....

ਗੜ੍ਹੀ ਚਮਕੌਰ ਦੀ ਔਹ ਭੁਬਾਂ ਪਈ ਏ ਮਾਰਦੀ
ਲੋਥ ਔਹ ਅਜੀਤ ਦੀ ਔਹ ਲੋਥ ਹੈ ਜੁਝਾਰ ਦੀ
ਪੁਤਾਂ ਉਤੇ ਕੱਫਣ ਜ਼ਰੂਰ ਆ ਕੇ ਪਾਉਣਗੇ
ਦਾਦੀ ਮਾਏਂ ਪਿਤਾ ਜੀ ......

ਅਸੀਂ ਮਾਏਂ ਲੁਕ ਜਾਣਾ ਵਿਚ ਖੂਨੀ ਕੰਧ ਦੇ
ਸਾਨੂੰ ਤਾਂ ਉਡੀਕਦੇ ਜਲਾਦ ਸਰਹੰਦ ਦੇ
ਸੂਬੇ ਦੀ ਕਚਹਿਰੀ ਸਾਡੀ ਹਾਜ਼ਰੀ ਲਗਾਉਣਗੇ
ਦਾਦੀ ਮਾਏਂ ਪਿਤਾ ਜੀ .....

ਅਸਾਂ ਨੂੰ ਪਨਾਹ ਦੇਣੀ ਗੰਗੂ ਕੀਤਾ ਵਾਹਦਾ ਏ
ਪਾਪੀਆਂ ਤੇ ਅੰਮੀਏਂ ! ਯਕੀਨ ਸਾਨੂੰ ਕਾਹਦਾ ਏ
ਬੀਤਣੀ ਅਗਾਂਹ ਜਿਹੜੀ 'ਸਫ਼ਰੀ' ਸੁਣਾਉਣਗੇ
ਦਾਦੀ ਮਾਏਂ ਪਿਤਾ ਜੀ ......

o o o

47

ਕਿਤੇ ਨੀ ਸਾਡਾ ਦਿਲ ਲਗਦਾ

ਬਿਨ ਪਟਨੇ ਸ਼ਹਿਰ ਸਰਦਾਰਾ
ਕਿਤੇ ਨੀ ਸਾਡਾ ਦਿਲ ਲਗਦਾ
ਢੂੰਡ ਮਾਰਿਆ ਜਹਾਨ ਅਸੀਂ ਸਾਰਾ
ਕਿਤੇ ਨੀ ਸਾਡਾ ਦਿਲ ਲਗਦਾ

ਪਾਪ ਨੂੰ ਜੜ੍ਹਾਂ ਤੋਂ ਏਸੇ ਪਟਨੇ ਨੇ ਪੱਟਿਆ
ਇਹਦੇ 'ਨਾ ਲਗਾ ਕੇ ਮੱਥਾ ਮੁਗਲਾਂ ਕੀ ਖੱਟਿਆ
ਪਟਨੇ ਨੇ ਹਿੰਦ ਦਿਆਂ ਬਾਗਾਂ 'ਚ ਬਹਾਰ ਆਂਦੀ
(ਤਾਹੀਓਂ) ਪੂਜਦਾ ਜਹਾਨ ਇਹਨੂੰ ਸਾਰਾ
ਕਿਤੇ ਨੀ ਸਾਡਾ ਦਿਲ ਲਗਦਾ !

ਬੜਾ ਖੜਕਾਇਆ ਅਸੀਂ ਕੁੰਡਾ ਸਾਰੇ ਜੱਗ ਦਾ
ਪਟਨੇ ਬਗੈਰ ਸਾਡਾ ਦਿਲ ਨਹੀਓਂ ਲਗਦਾ
ਪਟਨੇ ਸ਼ਹਿਰ ਸਾਡੇ ਰੱਬ ਨੇ ਜਨਮ ਲੀਤਾ
ਸਾਨੂੰ ਉਸੇ ਰੱਬ ਦਾ ਹੈ ਸਹਾਰਾ
ਕਿਤੇ ਨੀ ਸਾਡਾ ਦਿਲ ਲਗਦਾ

ਪਟਨਾ ਸ਼ਹਿਰ ਸਾਡੀ ਜਿੰਦ ਹੈ ਤੇ ਜਾਨ ਹੈ
ਖਾਲਸੇ ਦੀ ਆਨ ਹੈ ਇਹ ਖਾਲਸੇ ਦੀ ਸ਼ਾਨ ਹੈ
ਜਿੰਦ ਚਲੀ ਜਾਵੇ ਤੇ ਬੇਸ਼ਕ ਚਲੀ ਜਾਏ ਸਾਨੂੰ
ਜਿੰਦ ਨਾਲੋਂ ਪਟਨਾ ਪਿਆਰਾ
ਕਿਤੇ ਨੀ ਸਾਡਾ ਦਿਲ ਲਗਦਾ

[115]

ਚਾਰੇ ਚੰਨ ਆਪਣੇ ਕੁਹਾਏ ਦਸਮੇਸ਼ ਨੇ
ਹਿੰਦੀਆਂ ਦੇ ਭਾਗ ਚਮਕਾਏ ਦਸਮੇਸ਼ ਨੇ
ਚੰਨ ਤੋਂ ਵੀ ਕਿਤੇ ਵੱਧ ਸ਼ਫਰੀ ਚਮਕ ਰਿਹਾ
ਹਿੰਦੀਆਂ ਦੇ ਮੱਥੇ ਦਾ ਸਿਤਾਰਾ
ਕਿਤੇ ਨੀ ਸਾਡਾ ....

o o o

48

ਕਤਲ ਗਾਹ ਵਲ ਮੁਸਕਰਾਉਂਦਾ ਜਾ ਰਿਹੈ

ਗੁਰੂ ਨੌਵਾਂ ਕਤਲ ਗਾਹ ਵਲ ਮੁਸਕਰਾਉਂਦਾ ਜਾ ਰਿਹੈ
ਤਕਦੀਰ ਭਾਰਤ ਵਰਸ਼ ਦੀ ਬਿਗੜੀ ਬਣਾਉਂਦਾ ਜਾ ਰਿਹੈ

ਆਪਣੇ ਸਿਰ ਦੀ ਖੋਪਰੀ ਵਿਚ ਲਹੂ ਆਪਣਾ ਪਾ ਕੇ
ਆਂਦਰਾਂ ਦੀ ਵੱਟ ਵੱਟੀ ਅੱਗ ਘਰ ਨੂੰ ਲਾ ਕੇ
ਮੰਦਰਾਂ ਦੇ ਬੁਝੇ ਹੋਏ ਦੀਪਕ ਜਲਾਉਂਦਾ ਜਾ ਰਿਹੈ
ਤਕਦੀਰ ਭਾਰਤ ਵਰਸ਼ ਦੀ ....

ਸੁਹਾਗ ਗੁਜਰੀ ਮਾਂ ਦਾ ਜੰਞੂਆਂ ਦੇ ਲੇਖੇ ਲਾ ਕੇ
ਤੇ ਯਤੀਮੀ ਆਪਣੇ ਪੁੱਤਰ ਦੀ ਝੋਲੀ ਪਾ ਕੇ
ਕਿਸ ਤਰ੍ਹਾਂ ਦੇ ਸਤਿਗੁਰੂ ਸਦਮੇਂ ਉਠਾਉਂਦਾ ਜਾ ਰਿਹੈ
ਤਕਦੀਰ ਭਾਰਤ ਵਰਸ਼ ਦੀ ਬਿਗੜੀ ....

ਸਤਿਗੁਰਾਂ ਨੇ ਕਿਹਾ ਮੇਰਾ ਦਿਲ ਤਸੀਹੇ ਸਹੇਗਾ
ਸੀਸ ਮੇਰਾ ਲਹੇਗਾ, ਪਰ ਨਹੀਂ ਜਨੇਊ ਲਹੇਗਾ
ਮਰ ਚੁਕੇ ਤਿਲਕਾਂ ਦੇ ਅੰਦਰ ਜਾਨ ਪਾਉਂਦਾ ਜਾ ਰਿਹੈ
ਤਕਦੀਰ ਭਾਰਤ ਵਰਸ਼ ਦੀ ....

ਸੀਸ ਗੰਜ ਹੀ ਅਣਖ ਸਾਡੀ ਸੀਸ ਗੰਜ ਹੀ ਆਨ ਹੈ
ਖਾਲਸੇ ਦੀ ਆਨ ਹੈ ਇਹ ਖਾਲਸੇ ਦੀ ਸ਼ਾਨ ਹੈ
ਸੀਸ ਗੰਜ ਨੂੰ ਹੀ ਜ਼ਮਾਨਾ ਸਿਰ ਨਿਵਾਉਂਦਾ ਜਾ ਰਿਹੈ ।

○ ○ ○

49

ਪੰਥ ਤੋਂ ਮੈਂ ਸਦਕੇ

ਮੈਨੂੰ ਜਿੰਦ ਨਾਲੋਂ ਪੰਥ ਪਿਆਰਾ
ਪੰਥ ਤੋਂ ਮੈਂ ਸਦਕੇ
ਡਿੱਗੇ ਢੱਠਿਆਂ ਦਾ ਪੰਥ ਸਹਾਰਾ
ਪੰਥ ਤੋਂ ਮੈਂ ਸਦਕੇ

ਪਿਤਾ ਦਸਮੇਸ਼ ਪੰਥ ਖਾਲਸਾ ਸਜਾਇਆ ਏ
ਮੋਈ ਹੋਈ ਹਿੰਦ 'ਚ ਦੋਬਾਰਾ ਸਾਹ ਪਾਇਆ ਏ
ਪੰਜੇ ਹੀ ਕਕਾਰ ਸਾਡੇ ਪੰਜੇ ਗੁਰਬਾਣੀਆਂ
ਪੰਜਾਂ ਦਾ ਸਗਲ ਪਸਾਰਾ । ਪੰਥ ਤੋਂ ਮੈਂ ਸਦਕੇ

ਕੁੰਡਾ ਖੜਕਾਇਆ ਦੁਖੀ ਪੰਡਤਾਂ ਨੇ ਸਭ ਦਾ
ਤਿਲਕ ਜਨੇਊ ਦਾ ਕੋਈ ਰਾਖਾ ਨਹੀਂ ਸੀ ਲਭਦਾ
ਨਾਵੇਂ ਗੁਰਾਂ ਸੀਸ ਦਿਤਾ, ਮਤੀ ਦਾਸ ਸੂਰਮੇ ਨੇ
ਝੱਲਿਆ ਸੀਸ ਤੇ ਆਰਾ । ਪੰਥ ਤੋਂ ਮੈਂ ਸਦਕੇ

ਸਾਹਬਜ਼ਾਦਾ ਸਾਡੇ ਨਾ ਅਜੀਤ ਹੈ ਜੁਝਾਰ ਹੈ
ਫਤਿਹ ਸਿੰਘ ਜ਼ੋਰਾਵਰ ਸਾਡਾ ਪਹਿਰੇਦਾਰ ਹੈ
ਦੇਸ਼ ਕੌਮ ਪਿਛੇ ਲਾਲ ਚਾਰੇ ਹੀ ਸ਼ਹੀਦ ਹੋਏ
ਦਿੱਤਾ ਚੌਹਾਂ ਨੇ ਹੀ ਪੰਥ ਨੂੰ ਸਹਾਰਾ । ਪੰਥ ਤੋਂ ਮੈਂ ਸਦਕੇ

ਪੰਥ ਦੇ ਵਿਰੁਧ ਜਿਹੜਾ ਬਈਮਾਨ ਜਾਏਗਾ
'ਸਫ਼ਰੀ' ਜ਼ਰੂਰ ਕੀਤਾ ਆਪਣਾ ਉਹ ਪਾਏਗਾ
ਚੜ੍ਹਦੀ ਕਲਾ ਹੈ ਸਿੱਖ ਪੰਥ ਦੀ ਜਹਾਨ ਵਿਚ
ਸਿੱਖ ਪੰਥ ਦਾ ਤੇਜ ਸਤਾਰਾ । ਪੰਥ ਤੋਂ ਮੈਂ ਸਦਕੇ

o o o

50

ਹੁਕਮ ਨਾਮਾ ਸੁਣੀ ਨਾ ਸੁਣੀ

ਜੇ ਤੂੰ ਹੁਕਮ ਗੁਰਾਂ ਦਾ ਨਹੀਂਓਂ ਮੰਨਣਾ
ਹੁਕਮ ਨਾਮਾ ਸੁਣੀ ਨਾ ਸੁਣੀ
ਜੇ ਤੂੰ ਸੱਚ ਨੀ ਪੱਲੇ 'ਚ ਕਦੇ ਬੰਨ੍ਹਣਾ
ਹੁਕਮ ਨਾਮਾ ਸੁਣੀ ਨਾ ਸੁਣੀ

ਸਤਸੰਗ ਵਿਚ ਤੇਰਾ ਦਿਲ ਨੀ ਅਟਕਦਾ
ਫਿਰਦੈਂ ਹਨ੍ਹੇਰਿਆਂ 'ਚ ਐਵੇਂ ਹੀ ਭਟਕਦਾ
ਹੈ ਨੀ ਚਾਨਣਾ ਦਿਲੇ 'ਚ ਤੇਰੇ ਚੰਨਣਾ
ਹੁਕਮ ਨਾਮਾ ਸੁਣੀ ਨਾ ਸੁਣੀ

ਨੇਕੀ ਦਾ ਨਜ਼ਰ ਆਉਂਦਾ ਨਾਮ ਨਾ ਨਿਸ਼ਾਨ ਹੈ
ਸਾਰੇ ਹੀ ਜ਼ਮਾਨੇ ਵਿਚ ਕੂੜ ਪ੍ਰਧਾਨ ਹੈ
ਤੈਨੂੰ ਗੁਰੂ ਬਿਨਾਂ ਕਿਨੇ ਨੀ ਪਛੱਣਣਾ
ਹੁਕਮ ਨਾਮਾ ਸੁਣੀ ਨਾ ਸੁਣੀ

ਅਰਥੀ ਤੇਰੀ ਨੂੰ ਚੁਰਾਹੇ ਵਿਚ ਰੱਖ ਕੇ
ਡੋਲ੍ਹ ਕੇ ਦੁਆਲੇ ਪਾਣੀ ਸੂਰਜ ਨੂੰ ਤੱਕ ਕੇ
ਕੋਰਾ ਕੁੱਜਾ ਵੀ ਸਰ੍ਹਾਣੇ ਤੇਰੇ ਭੰਨਣਾ
ਹੁਕਮ ਨਾਮਾ ਸੁਣੀ ਨਾ ਸੁਣੀ

ਗੁਰੂ ਬਿਨਾਂ ਕਿਸੇ ਤੇਰੀ ਪੁੱਛਣੀ ਨਾ ਸਾਰ ਉਏ
ਨਾਮ ਬਿਨਾਂ ਸਫ਼ਰੀ ਤੂੰ ਹੋਣਾ ਏਂ ਖ਼ੁਆਰ ਉਏ
ਆਟਾ ਛਾਨਣੀ ਬਗੈਰ ਨਹੀਂ ਓ ਛਣਨਾ
ਹੁਕਮ ਨਾਮਾ ਸੁਣੀ ਨਾ ਸੁਣੀ

o o o

51

ਮਤੀ ਦਾਸ ਲਹੂ ਦੀਆਂ ਬਾਤਾਂ ਪਿਆ ਪਾਉਂਦਾ ਏ

ਮਤੀ ਦਾਸ ਲਹੂ ਦੀਆਂ ਬਾਤਾਂ ਪਿਆ ਪਾਉਂਦਾ ਏ
ਲੱਗਾ ਏ ਸ਼ਹੀਦ ਹੋਣ ਸ਼ਗਨ ਮਨਾਉਂਦਾ ਏ
ਜਿੰਨਾ ਤੂੰ ਜਲਾਦਾ ! ਮੈਨੂੰ ਗੁੱਸੇ ਨਾਲ ਚੀਰਦੈਂ
ਓਨਾ ਹੀ ਸੁਆਦ ਤੇਰੇ ਆਰੇ ਵਿਚੋਂ ਆਉਂਦਾ ਏ !!

ਦੇਖੋ ਕਿੰਨਾ ਜ਼ਾਲਮਾਂ ਨੇ ਜ਼ੁਲਮ ਕਮਾਇਆ ਏ
ਨਾਵੇਂ ਪਾਤਸ਼ਾਹ ਨੂੰ ਕੈਦ ਪਿੰਜਰੇ 'ਚ ਪਾਇਆ ਏ
ਰੱਬ ਨੂੰ ਨੀ ਮੰਨਦਾ, ਔਰੰਗਜ਼ੇਬ ਬਿਨਾਂ ਦਸੋ
ਰੱਬ ਦੇ ਕਲੇਜੇ ਏਥੇ ਹੱਥ ਕਿਹੜਾ ਪਾਉਂਦਾ ਏ
ਬੜਾ ਹੀ ਸੁਆਦ ਤੇਰੇ ਆਰੇ ਵਿਚੋਂ ਆਉਂਦਾ ਏ

ਕੀਤੀ ਏ ਕਬੂਲ ਸਿੱਖੀ ਤੌਖਲਾ ਨਾ ਕੋਈ ਏ
ਮੁਲਾਕਾਤ ਉਥੇ ਤਿੱਖੇ ਆਰੇ ਨਾਲ ਹੋਈ ਏ
ਸਿੱਧੇ-ਸਿੱਧੇ ਰਾਹੇ ਮੈਂ ਤਾਂ ਚੱਲਿਆਂ ਸਚਾਈ ਵਾਲੇ
ਔਤਰਾ ਜੱਲਾਦ ਚੀਰ ਵਿੰਗੇ-ਵਿੰਗੇ ਪਾਉਂਦਾ ਏ
ਬੜਾ ਹੀ ਸੁਆਦ ਤੇਰੇ ਆਰੇ ਵਿਚੋਂ ਆਉਂਦਾ ਏ

ਸਹਿਜੇ-ਸਹਿਜੇ ਰੂਈ ਵਿਚ ਭੁੱਜਣਾ ਮੁਹਾਲ ਹੈ
ਉਬਲਣਾ ਦੇਗੇ 'ਚ ਮਿਸਾਲ ਬੇ-ਮਿਸਾਲ ਹੈ
ਕਿੰਨੀਆਂ ਸਜ਼ਾਵਾਂ ਹਾਏ ! ਸਿੱਖੀ ਦਿਆਂ ਆਸ਼ਕਾਂ ਨੂੰ
ਕਿੱਦਾਂ ਇਤਹਾਸ ਖ਼ੂਨੀ ਝਾਕੀਆਂ ਦਿਖਾਉਂਦਾ ਏ
ਬੜਾ ਹੀ ਸੁਆਦ ਤੇਰੇ ਆਰੇ ਵਿਚੋਂ ਆਉਂਦਾ ਏ

o o o

[120]

ਹਿੰਦ ਨੇ ਕਦਰ ਨਾਵੇਂ ਗੁਰੂ ਦੀ ਕੀ ਜਾਣਨੀ
ਚਾਨਣੀ ਦੇ ਚੌਂਕ ਜੋ ਖਿਲਾਰ ਗਿਆ ਚਾਨਣੀ
'ਸਫਰੀ' ਜ਼ਮਾਨਾ ਸਾਰਾ ਝੁੱਕ-ਝੁੱਕ ਦੇਖਦਾ ਏ
ਸੀਸ ਗੰਜ ਤਾਈਂ ਸੀਸ ਅਪਣਾ ਨਿਵਾਉਂਦਾ ਏ
ਬੜਾ ਹੀ ਸੁਆਦ ਤੇਰੇ ਆਰੇ ਵਿਚੋਂ ਆਉਂਦਾ ਏ

o o o

52

ਜਿੰਦ ਆਪਣੇ ਧਰਮ ਤੋਂ ਵਾਰੀ

ਜਿੰਦ ਆਪਣੇ ਧਰਮ ਤੋਂ ਵਾਰੀ ਤੇਗ ਬਹਾਦਰ ਨੇ
ਬੇੜੀ ਡੁਬਦੀ ਦੇਸ਼ ਦੀ ਤਾਰੀ ਤੇਗ ਬਹਾਦਰ ਨੇ

ਵਾਲ-ਵਾਲ ਦੁਖੀ ਹੋਏ ਹਿੰਦੂ ਕਸ਼ਮੀਰ ਦੇ
ਪੁੱਜ ਗਏ ਅਨੰਦਪੁਰ ਸੀਨਿਆਂ ਨੂੰ ਚੀਰਦੇ
ਨਾਵੇਂ ਪਿਤਾ ਘੁੱਟ ਕੇ ਕਲੇਜੇ ਨਾਲ ਲਾਏ ਨਾਲੇ
ਸੁਣੀ ਦੁੱਖਾਂ ਦੀ ਕਹਾਣੀ ਸਾਰੀ
ਤੇਗ ਬਹਾਦਰ ਨੇ ....

ਮੁਖੋਂ ਫਰਮਾਇਆ ਏਦਾਂ ਗੋਬਿੰਦ ਰਾਏ ਨੇ
ਪਿਤਾ ਜੀ ਇਹ ਜ਼ਿੰਦਗੀ ਦੀ ਭਿਖ ਲੈਣ ਆਏ ਨੇ
ਦਿੱਲੀ ਵਿਚ ਜਾ ਕੇ ਤੁਸੀਂ ਆਪਣਾ ਕਟਾਉ ਸੀਸ
ਕੱਟ ਜਾਊਗੀ ਮੁਸੀਬਤ ਭਾਰੀ
ਤੇਗ ਬਹਾਦਰ ਨੇ ....

ਕੀਤਾ ਨੀ ਹਿਸਾਬ ਜਾਂਦਾ ਉਹਦੇ ਬਲੀਦਾਨ ਦਾ
ਤਾਰ ਦਿੱਤਾ ਬੇੜਾ ਸਾਰੇ ਹਿੰਦੋਸਤਾਨ ਦਾ
ਮਤੀ ਦਾਸ ਸਤੀ ਤੇ ਦਿਆਲਾ ਵੀ ਸ਼ਹੀਦ ਹੋਏ
ਮਾਰੀ ਵੈਰੀਆਂ ਨੂੰ ਚੋਟ ਕਰਾਰੀ
ਤੇਗ ਬਹਾਦਰ ਨੇ ....

ਖਾਲਸੇ ਦੇ 'ਸਫਰੀ' ਨਗਾਰੇ ਪਏ ਵੱਜਦੇ
ਬੇਲਿਆਂ ਦੇ ਵਿਚ ਜਿਵੇਂ ਸ਼ੀਂਹ ਪਏ ਗੱਜਦੇ
ਪੰਥ ਦੇ ਸ਼ਹੀਦਾਂ ਨੇ ਹੀ ਰੱਤ ਡੋਲ੍ਹ ਡੋਲ੍ਹ ਕੇ ਤੇ
ਕੀਤਾ ਪਲੜਾ ਕੌਮ ਦਾ ਭਾਰੀ
ਤੇਗ ਬਹਾਦਰ ਨੇ ....

o o o

53

ਪ੍ਰਾਣਾਂ ਤੋਂ ਪਿਆਰਾ ਕਲਗੀਧਰ

ਐ ਪੰਥ ਖਾਲਸਾ ਤੈਨੂੰ ਤਾਂ ਪ੍ਰਾਣਾਂ ਤੋਂ ਪਿਆਰਾ ਕਲਗੀਧਰ
ਇਸ ਡਿਗਦੇ ਢਹਿੰਦੇ ਭਾਰਤ ਦਾ ਬਣਿਆ ਏਂ ਸਹਾਰਾ ਕਲਗੀਧਰ

ਇਹ ਪੁੱਤ ਹੈ ਤੇਗ ਬਹਾਦਰ ਦਾ
ਭਾਰਤ ਦੇ ਸੀਸ ਦੀ ਚਾਦਰ ਦਾ
ਹੈ ਪੂਜਨੀਕ ਮਾਂ ਗੁਜਰੀ ਦੇ
ਨੈਣਾਂ ਦਾ ਤਾਰਾ ਕਲਗੀਧਰ

ਪੰਡਤ ਦਾ ਤਿਲਕ ਬਚਾ ਦਿਤਾ
ਪਰ ਪਿਤਾ ਸ਼ਹੀਦ ਕਰਾ ਦਿਤਾ
ਦੁਖੀਆਂ ਦੀ ਖ਼ਾਤਿਰ ਜੂਝ ਪਿਆ
ਅਵਤਾਰ ਨਿਆਰਾ ਕਲਗੀਧਰ

ਸਿੱਖੀ ਤੋਂ ਮੁਨਕਰ ਹੋਇਆਂ ਨੂੰ
ਫਿਰ ਜ਼ਿੰਦਗੀ ਦੇ ਗਿਆ ਮੋਇਆਂ ਨੂੰ
ਹੈ ਮਹਾਂ ਸਿੰਘ ਨੂੰ ਬਖਸ਼ ਗਿਆ
ਉਹ ਬਖਸ਼ਨਹਾਰਾ ਕਲਗੀਧਰ

ਪੁੱਤਰਾਂ ਦਾ ਖ਼ੂਨ ਚੁਆਇਆ ਏ
ਇੱਕ ਬਿਰਖ ਪੰਥ ਦਾ ਲਾਇਆ ਏ
ਪਰਵਾਰ ਦਾ ਖ਼ੂਨ ਬਹਾ ਚਲਿਆ
ਸਾਰੇ ਦਾ ਸਾਰਾ ਕਲਗੀਧਰ

'ਸਫ਼ਰੀ' ਇਹ ਭਾਰਤ ਵਸਦਾ ਏ
ਹਰ ਫੁੱਲ ਚਮਨ ਦਾ ਹਸਦਾ ਏ
ਸਿੱਖੀ ਦਾ ਸਾਨੂੰ ਬਖਸ਼ ਗਿਆ
ਇਹ ਮਹਿਕ ਭੰਡਾਰਾ. ਕਲਗੀਧਰ

54

ਪਟਨੇ ਸ਼ਹਿਰ ਵਿਚ ਆਉਣ ਵਾਲਿਆ

ਪਟਨੇ 'ਚ ਆਉਣ ਵਾਲਿਆ ਤੈਨੂੰ ਲੱਖ-ਲੱਖ ਸੀਸ ਨਿਵਾਵਾਂ
ਇੱਕ ਦਰ ਤੇਰਾ ਛੱਡ ਕੇ ਦੱਸ ਪਾਤਸ਼ਾਹ ਕਿੱਧਰ ਨੂੰ ਜਾਵਾਂ

ਗੋਬਿੰਦ ਰਾਏ ਬਣ ਕੇ ਅੱਜ ਰੱਬ ਪਟਨੇ ਵਿਚ ਆਇਆ
ਗੁਰੂ ਜੀ ਦੇ ਚਰਨਾਂ ਤੇ ਚੌਹਾਂ ਜੁਗਾਂ ਨੇ ਹੀ ਸੀਸ ਨਿਵਾਇਆ
ਫੁੱਲਾਂ ਤੇ ਨਿਖਾਰ ਆ ਗਿਆ, ਗਈਆਂ ਬਦਲ ਸਮੇਂ ਦੀਆਂ ਵਾਵਾਂ
ਪਟਨੇ 'ਚ ਆਉਣ ਵਾਲਿਆ ....

ਮੰਦਰਾਂ 'ਚ ਹੋਈ ਰੋਸ਼ਨੀ ਸੰਖਾਂ ਦਾ ਆਵਾਜ਼ਾ ਆਇਆ
ਭੀਖਮ ਸ਼ਾਹ ਪੀਰ ਨੇ ਵਲ ਪਟਨੇ ਦੇ ਸੀਸ ਨਿਵਾਇਆ
ਖਿੜੇ ਮੱਥੇ ਆ ਪੰਡਤਾ ਤੇਰਾ ਤਿਲਕ ਮੱਥੇ ਤੇ ਲਾਵਾਂ
ਪਟਨੇ 'ਚ ਆਉਣ ਵਾਲਿਆ ....

ਤੇਗ ਬਹਾਦਰ ਜੀ ਸੋਹਣੇ ਲਾਲ ਦੀਆਂ ਖੁਸ਼ੀਆਂ ਮਨਾਈਆਂ
ਗੋਦੀ ਵਿਚ ਰੱਬ ਖੇਡਦਾ ਮਾਤਾ ਗੁਜਰੀ ਨੂੰ ਦਿਉ ਨੀ ਵਧਾਈਆਂ
ਇਹੋ ਜਹੇ ਪੈਗੰਬਰਾਂ ਨੂੰ ਨਿੱਤ ਦੇਂਦੀਆਂ ਜਨਮ ਨਾ ਮਾਵਾਂ
ਪਟਨੇ 'ਚ ਆਉਣ ਵਾਲਿਆ ....

ਦਸਮ ਪਿਤਾ ਨੇ 'ਸਫਰੀ' ਕਿੱਡਾ ਪਰਉਪਕਾਰ ਕਮਾਇਆ
ਸਿੱਖੀ ਦਾ ਮਹੱਲ ਬਣਿਆ ਉਹਨਾਂ ਪੁੱਤਰਾਂ ਨੂੰ ਨੀਹਾਂ 'ਚ ਚਿਣਾਇਆ
ਛੱਡ ਕੇ ਜ਼ਮਾਨੇ ਨੂੰ ਕਿਉਂ ਨਾ ਦਸਵੇਂ ਪਿਤਾ ਦੇ ਗੁਣ-ਗਾਵਾਂ
ਪਟਨੇ 'ਚ ਆਉਣ ਵਾਲਿਆ ....

o o o

55

ਚਮਕੌਰ ਗੜ੍ਹੀ ਦਾ ਸਦਕਾ

ਚਮਕੌਰ ਗੜ੍ਹੀ ਦਾ ਸਦਕਾ ਜਾਂ ਸਰਹਿੰਦ ਦੀਆਂ ਦਿਵਾਰਾਂ ਦਾ
ਰੰਗ ਸੂਹਾ-ਸੂਹਾ ਹੋਇਆ ਏ ਅੱਜ ਵਤਨ ਦੀਆਂ ਗੁਲਜ਼ਾਰਾਂ ਦਾ

ਨਾਵੇਂ ਗੁਰ ਤੇਗ ਬਹਾਦਰ ਨੇ ਜਾ ਦਿੱਲੀ ਸਰ ਕਟਵਾਇਆ ਸੀ
ਤੇ ਮਤੀ ਦਾਸ ਵੀ ਤਨ ਆਪਣਾ ਆਰੇ ਦੇ ਨਾਲ ਚਿਰਾਇਆ ਸੀ
ਅੱਜ ਲਾਲ ਕਿਲ੍ਹੇ ਤੇ ਚਮਕ ਰਿਹਾ ਰੰਗ ਲਾਲ ਲਹੂ ਦੀਆਂ ਧਾਰਾਂ ਦਾ

ਸਿੰਘ ਚਰਖੜੀਆਂ ਤੇ ਚੜ੍ਹ ਚੜ੍ਹ ਕੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਨੇ
ਕਿਤੇ ਬੰਦ-ਬੰਦ ਕਟਵਾਉਂਦੇ ਨੇ ਰੰਬੀਆਂ ਨਾਲ ਖੋਪਰ ਲਹਿੰਦੇ ਨੇ
ਪਈ ਮੌਤ ਵੀ ਪਾਣੀ ਭਰਦੀ ਏ ਇਹਨਾਂ ਸਿਰ ਲਥਿਆਂ ਸਰਦਾਰਾਂ ਦਾ

ਚਮਕੌਰ ਗੜ੍ਹੀ ਨੂੰ ਛੱਡ ਕੇ ਤੇ ਕਲਗੀਧਰ ਤੁਰਿਆ ਜਾਂਦਾ ਏ
ਪੁੱਤਰਾਂ ਦੀਆਂ ਲਾਸ਼ਾਂ ਪਈਆਂ ਨੇ ਪਿਆ ਅੰਬਰ ਫੁੱਲ ਵਰਸਾਂਦਾ ਏ
ਇੱਕ ਵਾਰ ਨਾ ਜਾਂਦਾ ਵਾਰੀ ਵੀ ਮੁੱਖ ਤੱਕਿਆ ਬਰਖੁਰਦਾਰਾਂ ਦਾ

ਬਲੀਦਾਨੀ ਕੋਈ ਦਸਮੇਸ਼ ਜਿਹਾ ਨਾ ਆਵੇਗਾ ਨਾ ਆਇਆ ਹੈ
ਪਰਿਵਾਰ ਲੁਟਾ ਕੇ ਵੀ ਕਹਿੰਦਾ ਅਜੇ ਦੇਸ਼ ਦਾ ਕਰਜ਼ ਬਕਾਇਆ ਹੈ
ਸਸਤਾ ਹੀ ਲਹੂ ਲੁਟਾ ਦਿੱਤਾ ਨਹੀਂ ਪੁਛਿਆ ਭਾਅ ਬਾਜ਼ਾਰਾਂ ਦਾ

ਤਾਰੀਖ ਕਸੀਦੇ ਪੜ੍ਹਦੀ ਰਹੂ ਸਫਰੀ ਉਸ ਸੰਤ ਸਿਪਾਹੀ ਦੇ
ਜੰਜੂਆਂ ਨੂੰ ਜੀਉਂਦੇ ਕਰ ਚਲਿਆ ਮੂੰਹ ਆ ਗਿਆ ਆਪ ਤਬਾਹੀ ਦੇ
ਮੁੜਿਆ ਨਾ ਆਪ ਇਰਾਦੇ ਤੋਂ ਮੂੰਹ ਮੋੜ ਗਿਆ ਤਲਵਾਰਾਂ ਦਾ

o o o

56

ਐ ਦੁਸ਼ਟ ਦਮਨ !

ਐ ਦੁਸ਼ਟ ਦਮਨ ਦਸਮੇਸ਼ ਪਿਤਾ
ਤੇਰੀ ਕਰਨੀ ਦਾ ਅੰਤ ਨਾ ਪਾਇਆ ਗਿਆ

ਜਦੋਂ ਵਤਨਾਂ ਤੇ ਬਿਪਤਾ ਆ ਕੇ ਬਣੀ
ਤਦੋਂ ਖਾਲਸਾ ਪੰਥ ਸਜਾਇਆ ਗਿਆ !!

ਇੱਕ ਸਿਰ ਦੇਵੇ ਖੁਸ਼ੀਆਂ ਹਜ਼ਾਰਾਂ ਦੇਊਂ
ਮੈਂ ਪਤਝੜ ਬਦਲੇ ਬਹਾਰਾਂ ਦੇਊਂ
ਪੰਜ ਸੀਸ ਲਏ ਪੰਜ ਤੀਰ ਦਿੱਤੇ
ਉਹਨਾਂ ਪੰਜਾਂ ਨੂੰ ਅੰਮ੍ਰਿਤ ਛਕਾਇਆ ਗਿਆ

ਬਾਈਧਾਰ ਦੇ ਰਾਜੇ ਹੰਕਾਰੀ ਬੜੇ
ਧੋਖੇਬਾਜ਼ ਬੜੇ ਤੇ ਮਕਾਰੀ ਬੜੇ
ਭੀਮ ਚੰਦ ਭੰਗਾਣੀ ਦੇ ਰਾਜੇ ਸਣੇ
ਹੋਰ ਕਈਆਂ ਦਾ ਕੀਤਾ ਸਫਾਇਆ ਗਿਆ

ਛੋਟੇ ਨੀਹਾਂ 'ਚ ਬੱਚੇ ਚਿਣਾਏ ਗਏ
ਦੋ ਰਣ ਵਿਚ ਵੱਡੇ ਕੁਹਾਏ ਗਏ
ਮਾਤਾ ਗੁਜਰੀ ਨੂੰ ਜਾ ਕੇ ਕਿਸੇ ਨੇ ਕਿਹਾ
ਤੇਰਾ ਸਾਰਾ ਖ਼ਜ਼ਾਨਾ ਲੁਟਾਇਆ ਗਿਆ ।

ਮਾਤਾ ਗੁਜਰੀ ਨੇ ਸੀਸ ਨਿਵਾ ਕੇ ਕਿਹਾ
ਪਿਆਰੇ ਨਾਨਕ ਗੁਰੂ ਨੂੰ ਧਿਆ ਕੇ ਕਿਹਾ
ਕੀ ਹੋਇਆ ਜੇ ਮੇਰਾ ਕੋਈ ਨੀ ਰਿਹਾ
ਹੈ ਵਤਨਾਂ ਦਾ ਤਾਂ ਕਰਜ਼ਾ ਚੁਕਾਇਆ ਗਿਆ ।

ਕੋਈ ਦਸਵੇਂ ਪਿਤਾ ਜੇਹਾ ਦਾਨੀ ਨਹੀਂ
ਇਹਦਾ ਦੁਨੀਆਂ ਦੇ ਵਿਚ ਕੋਈ ਸਾਨੀ ਨਹੀਂ
ਜਿਹਦੇ 'ਸਫਰੀ' ਲਾਲਾਂ ਦੀਆਂ ਲਾਸ਼ਾਂ
ਸਿੱਖ ਪੰਥ ਦਾ ਝੰਡਾ ਝੁਲਾਇਆ ਗਿਆ ।

o o o

57

ਬੇੜੀ ਲਾਈ ਹਿੰਦ ਦੀ ਕਿਨਾਰੇ ਦਸਮੇਸ਼ ਨੇ

ਪਿਆਰ ਕੀਤਾ ਦੇਸ਼ 'ਨਾ ਪਿਆਰੇ ਦਸਮੇਸ਼ ਨੇ
ਬੇੜੀ ਲਾਈ ਹਿੰਦ ਦੀ ਕਿਨਾਰੇ ਦਸਮੇਸ਼ ਨੇ

ਜੱਗ ਕੋਲ ਕੋਈ ਨੀ ਜਵਾਬ ਏਸ ਗੱਲ ਦਾ
ਪੁੱਤ ਕਿਹੜਾ ਪਿਤਾ ਨੂੰ ਸ਼ਹੀਦ ਹੋਣ ਘੱਲਦਾ
ਦਿੱਲੀ ਦਰਬਾਰ ਨਾਵੇਂ ਪਾਤਸ਼ਾਹ ਸ਼ਹੀਦ ਹੋਏ
ਦੁੱਖ ਛੋਟੀ ਉਮਰੇ ਸਹਾਰੇ ਦਸਮੇਸ਼ ਨੇ
ਪਿਆਰ ....

ਖਾਲਸਾ ਸਜਾਇਆ ਪਹੁਲ ਖੰਡੇ ਦੀ ਪਿਲਾ ਕੇ
ਗਿਦੜਾਂ ਦੇ ਸੀਨੇ ਦਿਲ ਸ਼ੇਰਾਂ ਵਾਲਾ ਪਾ ਕੇ
ਲੱਖ-ਲੱਖ ਨਾਲ ਇੱਕ-ਇੱਕ ਨੂੰ ਲੜਾ ਕੇ
ਕੇਡੇ ਕੀਤੇ ਕੌਤਕ ਨਿਆਰੇ ਦਸਮੇਸ਼ ਨੇ
ਪਿਆਰ ....

ਦੋ ਦਿੱਤੇ ਜੰਗ ਵਿਚ, ਵਿਚ ਦੋ ਦਿਵਾਰ ਦੇ
ਪੁੱਤਰਾਂ ਦੀ ਪੂੰਜੀ ਗਏ ਦੇਸ਼ ਉਤੋਂ ਵਾਰਦੇ
ਚਾਰਾਗਰਾਂ ਕੋਲ ਕੋਈ ਚਾਰਾ ਨਹੀਂ ਸੀ ਰਿਹਾ
ਪੁੱਤ ਵਾਰ ਦਿੱਤੇ ਚਾਰੇ ਦੇ ਹੀ ਚਾਰੇ ਦਸਮੇਸ਼ ਨੇ
ਪਿਆਰ ....

ਖੰਡੇ ਵਾਹੇ ਸਫ਼ਰੀ ਦੋਧਾਰੇ ਦਸਮੇਸ਼ ਨੇ
ਸ਼ਤਰੂ ਮੈਦਾਨ ਵਿੱਚ ਮਾਰੇ ਦਸਮੇਸ਼ ਨੇ
ਦੁੱਖ ਜਿਹੜੇ ਪਏ ਸੀ ਗ਼ੁਲਾਮੀ ਵਾਂਲੇ ਹਿੰਦੀਆਂ ਨੂੰ
ਕੱਟ ਦਿੱਤੇ ਸਾਰੇ ਦੇ ਹੀ ਸਾਰੇ ਚਸਮੇਸ਼ ਨੇ
ਪਿਆਰ ....

o o o

58

ਬਾਬਰ ਦੀ ਜੇਲ੍ਹ

ਬਾਬਰ ਦੀ ਜੇਲ੍ਹ ਵਿਚ ਬੈਠਾ ਰੱਬੀ ਨੂਰ ਹੈ
ਨਾਨਕ ਪਿਆਰਾ ਨੈਣੀਂ ਨਾਮ ਦਾ ਸਰੂਰ ਹੈ ।

ਕਹਿਰਵਾਨਾ ਬਾਬਰਾ ! ਤੂੰ ਕਹਿਰ ਕੀ ਕਮਾਇਆ ਏ
ਜਾਣ ਕੇ ਅਲਾਹੀ ਰੂਪ ਜੇਲ੍ਹ ਵਿਚ ਪਾਇਆ ਏ
ਤੈਨੂੰ ਬਈਮਾਨਾ ਕਿਹੜੀ ਗੱਲ ਦਾ ਗ਼ਰੂਰ ਹੈ
ਨਾਨਕ ਪਿਆਰਾ ....

ਝੂਠੀ ਮੂਠੀ ਬਾਬਰਾ ਸ਼ਰਾਬ ਕਾਹਨੂੰ ਫੜੀ ਏ
ਨਾਮ ਦੀ ਖੁਮਾਰੀ ਇਹਨੂੰ ਮੁੱਦਤਾਂ ਤੋਂ ਚੜ੍ਹੀ ਏ
ਸ਼ੀਸ਼ੇ ਨਾਲ ਕੀਤਾ ਇਹਨੇ ਪੱਥਰਾਂ ਨੂੰ ਚੂਰ ਹੈ
ਨਾਨਕ ਪਿਆਰਾ ....

ਮੱਕੇ ਵਿੱਚ ਜਾਏਗਾ ਇਹ ਕਾਸ਼ੀ ਵਿੱਚ ਜਾਏਗਾ
ਰੱਬ ਦਾ ਪੈਗਾਮ ਸਾਰੇ ਜੱਗ ਨੂੰ ਪਹੁੰਚਾਏਗਾ
ਇਹਨੇ ਡੁੱਬੇ ਬੇੜਿਆਂ ਨੂੰ ਤਾਰਨਾ ਜਰੂਰ ਹੈ
ਨਾਨਕ ਪਿਆਰਾ ....

ਦੇਖੋ-ਦੇਖੋ ਰੱਬੀ ਜੋਤ ਕਲਾ ਕੀ ਵਿਖਾਂਦੀ ਏ
ਬਿਨਾਂ ਹੱਥ ਲਾਇਆਂ ਚੱਕੀ ਆਪੇ ਫਿਰੀ ਜਾਂਦੀ ਏ
'ਸਫਰੀ' ਜੀ ਜਾਦੂ ਕੋਈ ਕਲਾ ਤਾਂ ਜਰੂਰ ਹੈ
ਨਾਨਕ ਪਿਆਰਾ ....

ο ο ο

59

ਤੇਰੇ ਚੋਜ ਨੇ ਨਿਰਾਲੇ

ਮੇਰੇ ਪਿਤਾ ਦਸਮੇਸ਼ ਤੇਰੇ ਚੋਜ ਨੇ ਨਿਰਾਲੇ
ਕਿਤੇ ਫੁੱਲਾਂ ਦੇ ਵਛੌਣੇ ਕਿਤੇ ਪੈਰਾਂ ਵਿਚ ਛਾਲੇ

ਇਹ ਹੈ ਸਿੱਖ ਇਤਿਹਾਸ ਸਾਰੇ ਜੱਗ ਤੋਂ ਨਿਆਰਾ
ਜੀਉਂਦੇ ਆਦਮੀ ਦੀ ਖੋਪਰੀ 'ਤੇ ਚਲਦਾ ਏ ਆਰਾ
ਸਿੰਘ ਭੱਠ ਵਿਚ ਭੁੱਜੇ ਖਾਧੇ ਦੇਗਾਂ 'ਚ ਉਬਾਲੇ
ਮੇਰੇ ਪਿਤਾ ਦਸਮੇਸ਼ ....

ਮਾਂ ਗੁਜਰੀ ਦੇ ਤੁਲ ਕੋਈ ਮਾਂ ਨਹੀਂਓਂ ਹੋਈ
ਰੱਤ ਪੋਤਿਆਂ ਦੀ ਸਿੱਖੀ ਦੀ ਦਲੀਜ ਉਤੇ ਚੋਈ
ਬੁੱਢੀ ਅੰਮੀਏਂ ਜਫਰ ਕਿੰਨੇ ਦੇਸ਼ ਪਿਛੇ ਜਾਲੇ
ਮੇਰੇ ਪਿਤਾ ਦਸ਼ਮੇਸ਼ ....

ਬਲੀਦਾਨ ਵਾਲੀ ਦਾਤਾ ਕਿਵੇਂ ਹੱਦ ਤੂੰ ਮੁਕਾਈ
ਵੱਡੇ ਪੁੱਤਰਾਂ ਦੀ ਜੋੜੀ ਵਿਚ ਜੰਗ ਦੇ ਕੁਹਾਈ
ਦੋਹ ਨੰਨ੍ਹਿਆਂ ਨੂੰ ਕੀਤਾ ਖੂਨੀ ਕੰਧ ਦੇ ਹਵਾਲੇ
ਮੇਰੇ ਪਿਤਾ ਦਸ਼ਮੇਸ਼ ....

ਕਿਥੇ ਪੈਰਾਂ ਵਿਚ ਛਾਲੇ ਕਿਥੇ ਫੁੱਲਾਂ ਦੀ ਵਛਾਈ
ਨੀਂਦ 'ਸਫਰੀ' ਗੁਰਾਂ ਨੂੰ ਕਿਵੇਂ ਕੰਡਿਆਂ ਤੇ ਆਈ
ਕਿਵੇਂ ਸੂਲ ਸੁਰਾਹੀਆਂ ਕਿਵੇਂ ਖੰਜਰ ਪਿਆਲੇ
ਮੇਰੇ ਪਿਤਾ ਦਸਮੇਸ਼ ....

o o o

60

ਮੰਨੂੰ ਸਾਡੀ ਦਾਤਰੀ

ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ
ਮੰਨੂੰ ਕਟੇਂਦਾ ਸਾਨੂੰ ਆਪਾਂ ਦੂਣੇ ਚੌਣੇ ਹੋਏ
ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਏ
ਖੁਆਰ ਹੋਏ ਸਭ ਮਿਲਣਗੇ ਬਚੇ ਸਰਨ ਜੋ ਹੋਏ

ਮੀਰ ਮੰਨੂ ਦੀ ਜੇਲ੍ਹ ਦੇ ਭੈਣਾਂ ਕਸ਼ਟ ਉਠਾਏ
ਸਵਾ-ਸਵਾ ਮਣ ਪੀਸਣ ਪੀਸੇ ਰੱਬ ਦੇ ਸ਼ੁਕਰ ਮਨਾਏ
ਬੱਚਿਆਂ ਦੇ ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆਏ
ਸਤਿਨਾਮ ਤੇ ਵਾਹਿਗੁਰੂ ਦਾ ਪਿਆ ਆਵਾਜ਼ਾ ਆਏ
ਨੰਨ੍ਹੇ ਨੰਨ੍ਹੇ ਲਾਲ ਜ਼ਾਲਮਾਂ ਨੇਜ਼ਿਆਂ ਵਿਚ ਪਰੋਏ
ਮੰਨੂ ਅਸਾਡੀ ਦਾਤਰੀ ....

ਬੇਈਮਾਨ ਸਰਕਾਰਾਂ ਨੇ ਸਿੰਘਾਂ ਉਤੇ ਜ਼ੁਲਮ ਕਮਾਏ
ਖਾਲਸਿਆਂ ਦੇ ਅੱਸੀ-ਅੱਸੀ ਸਿਰਾਂ ਦੇ ਮੁੱਲ ਪੁਆਏ
ਊਠਾਂ ਉਤੇ ਸਿੰਘ ਸੂਰਮੇ ਗਏ ਪੁੱਠੇ ਲਟਕਾਏ
ਨੇਜ਼ਿਆਂ ਤੇ ਸਿਰ ਟੰਗ ਕਾਫਲਾ ਦਿੱਲੀ ਵਲ ਨੂੰ ਜਾਏ
ਬੀਰ ਬਹਾਦਰ ਬੰਦੇ ਵਰਗਾ ਸਿਰੜੀ ਕਿਹੜਾ ਹੋਏ
ਮੰਨੂੰ ਅਸਾਡੀ ਦਾਤਰੀ ....

ਸੰਨ ਸੰਤਾਲੀ ਵੀ ਸਿੰਘਾਂ ਤੇ ਭਾਣਾ ਕਹਿਰ ਗੁਜ਼ਾਰਿਆ
ਅਪਣਿਆਂ ਹੀ ਫੜ-ਫੜ ਲੋਕੋ ਅਪਣਿਆਂ ਨੂੰ ਮਾਰਿਆ
ਤੇਗ ਬਹਾਦਰ ਦੀ ਕੀਤੀ ਦਾ ਮੁਲ ਕਿਨੇ ਨਾ ਤਾਰਿਆ
ਗੁਰ ਸਿਖਾਂ ਦੇ ਹਰ ਵਿਹੜੇ ਨੂੰ ਲਹੂਆਂ ਨਾਲ ਸ਼ਿੰਗਾਰਿਆ
ਰਾਮ ਰਾਮ ਸੀ ਮੂੰਹ ਤੇ ਖੰਜਰ ਬਗਲਾਂ ਵਿਚ ਲੁਕੋਏ
ਮੰਨੂੰ ਅਸਾਡੀ ਦਾਤਰੀ ....

o o o

61

ਗੁਰੂ ਤੇਗ ਬਹਾਦਰ ਸਿਰ ਦੇ ਕੇ

ਗੁਰੂ ਤੇਗ ਬਹਾਦਰ ਸਿਰ ਦੇ ਕੇ
ਇਕ ਪਰਉਪਕਾਰ ਕਮਾਇਆ ਏ
ਉਹਦੇ ਸੀਸ ਗੰਜ ਨੂੰ ਸਾਰੀ ਹੀ
ਦੁਨੀਆਂ ਨੇ ਸੀਸ ਨਿਵਾਇਆ ਏ !!

ਨਾ ਮਤੀ ਦਾਸ ਘਬਰਾਇਆ ਏ
ਤਨ ਆਰੇ ਨਾਲ ਚਿਰਾਇਆ ਏ
ਅੰਬਰ ਤੋ ਤੱਕ ਕੇ ਦੇਵਤਿਆਂ
ਫੁੱਲਾਂ ਦਾ ਮੀਂਹ ਵਰਸਾਇਆ ਏ
ਉਹਦੇ ਸੀਸ ਗੰਜ ....

ਉਬਲਦੀ ਦੇਗ ਦਿਆਲੇ ਨੇ
ਵਿੱਚ ਖਾਧੇ ਕਈ ਉਬਾਲੇ ਨੇ
ਮੈਂ ਸਦਕੇ ਜਾਂ ਸ਼ਹੀਦਾਂ ਦੇ
ਜਿਨ੍ਹਾਂ ਸਿੱਖੀ ਸਿਦਕ ਨਿਭਾਇਆ ਏ
ਉਹਦੇ ਸੀਸ ਗੰਜ ਨੂੰ ....

ਮੇਰੇ ਸਤਿਗੁਰ ਤੇਗ ਬਹਾਦਰ ਨੇ
ਭਾਰਤ ਦੇ ਸਿਰ ਦੀ ਚਾਦਰ ਨੇ
ਆਪਣਾ ਤਾਂ ਸਰ ਕਟਵਾ ਲੀਤਾ
ਭਾਰਤ ਦਾ ਸੀਸ ਬਚਾਇਆ ਏ
ਉਹਦੇ ਸੀਸ ਗੰਜ ਨੂੰ ....

ਔਹ ਦੁਖੀ ਪੰਡਤ ਕਸ਼ਮੀਰ ਦੇ ਨੇ
ਰੋਂਦੇ ਪਏ ਛਾਤੀਆਂ ਚੀਰਦੇ ਨੇ
ਅੱਥਰੂ ਨਹੀਂ ਵਗਦੇ ਅਖੀਆਂ 'ਚੋਂ
ਉਨ੍ਹਾਂ ਦਿਲ ਦਾ ਖੂਨ ਬਹਾਇਆ ਏ
ਉਹਦੇ ਸੀਸ..........

ਮੰਦਰਾਂ ਵਿਚ ਜੋਤਾਂ ਜਗਦੀਆਂ ਨੇ
ਵਾਹ ਕਿੰਨੀਆਂ ਸੁੰਦਰ ਲਗਦੀਆਂ ਨੇਂ
'ਸਫਰੀ' ਜੀ ਤੇਗ਼ ਬਹਾਦਰ ਨੇ ਹੀ
ਖੂਨ ਇਨ੍ਹਾਂ ਵਿਚ ਪਾਇਆ ਏ
ਤੇਰੇ ਸੀਸ ਰੀਜ ਨੂੰ.........

o o o

62

ਸਿੰਘ ਸੂਰਮਾ

ਸਿੰਘ ਮਰਨੋਂ ਨਹੀਂ ਘਬਰਾਉਂਦਾ
ਸਿੰਘ ਬੜਾ ਸੂਰਮਾ
ਇਹ ਕੀਤਾ ਪ੍ਰਣ ਨਿਭਾਉਂਦਾ
ਸਿੰਘ ਬੜਾ ਸੂਰਮਾ

ਦਸਵੇਂ ਗੁਰੂ ਨੇ ਪੀਤੀ ਪਹੁਲ ਖੰਡੇ ਧਾਰ ਦੀ
ਮੌਤ ਵੀ ਅਗਾੜੀ ਆ ਕੇ ਦਸ ਨਹੀਓਂ ਮਾਰਦੀ
ਸਵਾ-ਸਵਾ ਲੱਖ ਨਾਲ ਇੱਕ ਨੂੰ ਲੜਾਇਆ ਗੁਰਾਂ
ਜੱਗ ਮੂੰਹ ਵਿਚ ਉਂਗਲੀਆਂ ਪਾਉਂਦਾ-ਸਿੰਘ ਬੜਾ ਸੂਰਮਾ

ਖਾਲਸੇ ਨੇ ਤੰਬੂ ਏਥੋਂ ਜ਼ਾਲਮਾਂ ਦਾ ਪੁੱਟਿਆ
ਖਾਲਸੇ ਨੇ ਗ਼ਜ਼ਨੀ ਦੇ ਡਾਕੂਆਂ ਨੂੰ ਲੁੱਟਿਆ
ਅਹਿਮਦ ਸ਼ਾਹ ਅਬਦਾਲੀ ਨੂੰ ਲਾਹੌਰ ਵਿਚ ਕੱਢਿਆ ਏ
ਇੱਕ ਦਬਕੇ ਨਾਲ ਭਜਾਉਂਦਾ-ਸਿੰਘ ਬੜਾ ਸੂਰਮਾ

ਖਾਲਸੇ ਨੇ ਊਨੀਂ ਸਾਲੀਂ ਡਾਇਰ ਨੂੰ ਜਾ ਮਾਰਿਆ
ਜਲ੍ਹਿਆਂ ਦੇ ਬਾਗ਼ ਵਾਲਾ ਕਰਜ਼ਾ ਉਤਾਰਿਆ
ਸੀ ਦਰਬਾਰ ਸਾਹਿਬ ਬੇਸਵਾ ਬਚਾਈ ਜਿਹਨੇ
ਤੇਗ ਨਾਲ ਝਟਕਾਉਂਦਾ-ਸਿੰਘ ਬੜਾ ਸੂਰਮਾ

'ਸਫ਼ਰੀ' ਕਦੇ ਨਾ ਸਿੰਘ ਗੋਲੀਆਂ ਤੋਂ ਭੱਜਦਾ
ਘਿਰ ਕੇ ਮੁਸੀਬਤਾਂ 'ਚ ਸ਼ੇਰਾਂ ਵਾਂਗੂ ਗੱਜਦਾ
ਆਫਤਾਂ ਹਜ਼ਾਰ ਆਉਣ ਭਾਵੇਂ ਇਹਦੇ ਸੀਸ ਉਤੇ
ਸਿੰਘ ਜ਼ਰਾ ਨਹੀਂ ਘਬਰਾਉਂਦਾ

o o o

63

ਕਰਮ ਕਮਾਇਆ ਸੰਤਾਂ ਨੇ

ਅਸੀਂ ਬੜੇ ਨਿਕਰਮਣ ਸਾਡੇ ਤੇ
ਆ ਕਰਮ ਕਮਾਇਆ ਸੰਤਾਂ ਨੇ
ਕਲਜੁਗ ਦੇ ਭਟਕੇ ਜੀਵਾਂ ਨੂੰ
ਰਾਹ ਸਹੀ ਦਿਖਾਇਆ. ਸੰਤਾਂ ਨੇ

ਧਰਤੀ ਦਾ ਸੀਨਾ ਤਪਿਆ ਸੀ
ਅੰਬਰ ਵੀ ਖਪਿਆ ਖਪਿਆ ਸੀ
ਸੁਖ ਚੈਨ ਅਮਨ ਤੇ ਸ਼ਾਂਤੀ ਦਾ
ਆ ਮੀਂਹ ਵਰਸਾਇਆ ਸੰਤਾਂ ਨੇ

ਪਾਪਾਂ ਨੇ ਪਾਇਆ ਘੇਰਾ ਸੀ
ਦੁਨੀਆਂ ਵਿਚ ਘੁੱਪ ਹਨੇਰਾ ਸੀ
ਜਿਸ ਥਾਂ-ਥਾਂ ਵੰਡੀਆਂ ਚਾਨਣੀਆਂ
ਉਹ ਚੰਨ ਚੜ੍ਹਾਇਆ ਸੰਤਾਂ ਨੇ

ਔਹ ਮੌਤ ਨੇ ਵਾਸਾਂ ਅੜੀਆਂ ਨੇ
ਜਮਦੂਤਾਂ ਚੁੱਕੀਆਂ ਅੱਡੀਆਂ ਨੇ
ਅਸੀਂ ਕਾਲ ਕੋਲੋਂ ਕਦ ਬਚਣਾ ਸੀ
ਸਾਨੂੰ ਆਣ ਬਚਾਇਆ ਸੰਤਾਂ ਨੇ

ਥੰਮ੍ਹ ਜਲਦੇ-ਬਲਦੇ ਸੀਤ ਹੋਏ
ਫਿਰ 'ਸਫ਼ਰੀ' ਨਾ ਭੈ-ਭੀਤ ਹੋਏ
ਹਰਨਾਕਸ਼ ਦੁਸ਼ਟ ਦਾ ਖੈ ਕੀਤਾ
ਪ੍ਰਹਿਲਾਦ ਤਰਾਇਆ ਸੰਤਾਂ ਨੇ

o o o